
ਅਰਦਾਸ ਕਰ
(ਧਾਰਮਿਕ-ਗ਼ਜ਼ਲਾਂ)
ਅਮਰਜੀਤ ਸਿੰਘ ਸੰਧੂ

ਐ ਬਸ਼ਰ! ਕਰਤਾਰ 'ਤੇ ਵਿਸ਼ਵਾਸ ਕਰ!
ਅਰਦਾਸ ਕਰ!

ਜ਼ਿੰਦਗੀ ਦੀਆਂ ਮੁਸ਼ਕਿਲਾਂ ਕੋਲੋਂ ਨਾ ਡਰ!
ਅਰਦਾਸ ਕਰ!

'ਸੰਧੂ' ਵਰਗਾ ਮੂੜ੍ਹ-ਜੱਟ ਸ਼ਾਇਰ ਬਣਾ
ਦਿੱਤੈ ਜਿਨ੍ਹੇਂ,

ਵੇਖਿਆ ਅਰਦਾਸ ਦਾ ਹੁੰਦਾ ਅਸਰ?
ਅਰਦਾਸ ਕਰ!

# ਅਰਦਾਸ ਕਰ !

ਬਿਨਾਂ ਸ਼ੱਕ ਪੰਜਾਬੀ ਗ਼ਜ਼ਲ ਉਰਦੂ ਭਾਸ਼ਾ ਵਿੱਚੋਂ 'ਦੀ ਹੋ ਕੇ ਪੰਜਾਬੀ ਭਾਸ਼ਾ ਵਿੱਚ ਆਈ ਹੈ ਪਰ ਗ਼ਜ਼ਲ ਦੀ, ਆਪਣੇ-ਆਪ ਵਿੱਚ ਆਜ਼ਾਦ ਸ਼ਿਅਰਾਂ ਵਰਗੀ ਬੰਧਿਸ਼ ਪੰਜਾਬੀ ਬੋਲੀਆਂ ਅਤੇ ਦੋਹਰਿਆਂ ਵਿੱਚ ਪੰਜਾਬੀ ਭਾਸ਼ਾ ਕੋਲ ਪਹਿਲਾਂ ਹੀ ਮੌਜੂਦ ਸੀ। ਮਤਲਬ ਕਿ ਕੇਵਲ ਦੋ ਹੀ ਤੁਕਾਂ (ਮਿਸਰਿਆਂ) ਵਿੱਚ ਸੰਪੂਰਨ ਗੱਲ ਕਹਿ ਦੇਣ ਦਾ ਸੰਜਮ ਅਤੇ ਅਤਿਅੰਤ-ਸੰਖੇਪਤਾ ਵਿੱਚ ਪੰਜਾਬੀ ਭਾਸ਼ਾ ਨੂੰ ਪਹਿਲਾਂ ਹੀ ਕਮਾਲ ਹਾਸਿਲ ਸੀ। ਇਸੇ ਕਰਕੇ ਪੰਜਾਬੀ ਭਾਸ਼ਾ ਨੇ ਗ਼ਜ਼ਲੱਈ-ਵਿਧਾ ਨੂੰ ਝਟ-ਪੱਟ ਹੀ ਅਪਨਾਅ ਲਿਆ ਅਤੇ ਇਸ ਵਿੱਚ ਨਿਪੁੰਨਤਾ ਹਾਸਿਲ ਕਰ ਲਈ। ਹਾਲਾਂਕਿ ਉਰਦੂ ਗ਼ਜ਼ਲ ਹੁਣ ਤੱਕ ਵੀ ਜ਼ਿਆਦਾਤਰ ਆਸ਼ਿਕਾਨਾ ਮਜਮੂਨ ਨੂੰ ਹੀ ਬੜੇ ਪਿਆਰ ਨਾਲ ਸੰਭਾਲੇ ਹੋਏ ਨਜ਼ਰ ਆਉਂਦੀ ਹੈ ਪਰ ਇਹ ਵੀ ਸੱਚ ਹੈ ਕਿ ਉਰਦੂ ਗ਼ਜ਼ਲ ਵਿੱਚ 'ਮਾਅਰਫ਼ਤੀ-ਰੰਗ' (ਅਧਿਆਤਮੀ-ਰੰਗ) ਆਪਣੇ-ਆਪ ਵਿੱਚ ਇੱਕ ਖ਼ੂਬੀ (ਅਲੰਕਾਰ) ਮੰਨਿਆ ਜਾਂਦਾ ਹੈ ਤੇ ਇਸ ਰੰਗ ਵਿੱਚ ਉਰਦੂ ਗ਼ਜ਼ਲ ਨੂੰ ਕਮਾਲ ਹਾਸਿਲ ਰਿਹਾ ਹੈ ਅਤੇ ਹੈ।

ਹਾਲਾਂਕਿ ਪੰਜਾਬੀ ਕਾਵਿ-ਸਾਹਿਤ ਦਾ ਆਰੰਭ ਹੀ ਅਧਿਆਤਮੀ-ਸਾਹਿਤ ਤੋਂ ਹੋਇਆ ਤੇ ਇਹ ਰੰਗ ਪੰਜਾਬੀ-ਲੋਕਾਂ ਵਿੱਚ ਅਤਿਅੰਤ ਮਕਬੂਲ ਵੀ ਹੋਇਆ ਪਰ ਫਿਰ ਵੀ ਪੰਜਾਬੀ-ਗ਼ਜ਼ਲ ਵਿੱਚ ਮਾਅਰਫ਼ਤੀ-ਰੰਗ (ਅਧਿਆਤਮੀ-ਰੰਗ) ਘੱਟ ਹੀ ਵੇਖਣ ਨੂੰ ਮਿਲਿਆ ਹੈ। ਪੰਜਾਬੀ ਦੇ ਧਾਰਮਿਕ-ਕਾਵਿ-ਪਾਠਕ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿੰਨ ਸੇਵਕ ਭਾਈ ਨੰਦ ਲਾਲ 'ਗੋਯਾ' ਜੀ ਦੀਆਂ ਫ਼ਾਰਸੀ ਗ਼ਜ਼ਲਾਂ ਅਤੇ ਉਹਨਾਂ ਦੇ ਪੰਜਾਬੀ-ਅਨੁਵਾਦ ਤੋਂ ਤਾਂ ਭਲੀ-ਭਾਂਤ ਜਾਣੂ ਹਨ ਤੇ ਪ੍ਰਸੰਸਕ ਹਨ ਪਰ ਪੰਜਾਬੀ-ਸ਼ਾਇਰਾਂ ਨੇ ਉਹਨਾਂ ਵਰਗੀ ਗ਼ਜ਼ਲ ਪੰਜਾਬੀ ਵਿੱਚ ਕਹਿਣ ਤੋਂ ਗੁਰੇਜ਼ ਹੀ ਕੀਤਾ ਹੈ, ਪਤਾ ਨਹੀਂ ਕਿਉਂ ?

ਆਪਣੀ ਪਿਆਰੀ ਮਾਤ-ਭਾਸ਼ਾ ਵਿੱਚ ਇਸ ਪੱਖੋਂ ਪਿਆ ਖ਼ਿਲਾਅ ਮੈਨੂੰ ਹਮੇਸ਼ਾ ਹੀ ਰੜਕਦਾ ਰਿਹਾ ਹੈ। ਸਾਡੇ ਦਾਦੇ-ਪੜਦਾਦੇ ਤੋਂ ਸਾਡੀ ਪਰਿਵਾਰਕ ਸੋਚ ਧਾਰਮਿਕ ਹੋਣ ਕਾਰਨ ਮੈਂ ਮਹਿਸੂਸ

ਕੀਤਾ ਕਿ ਜੇ ਮੈਂ ਇਹ ਸੇਵਾ ਕਰਨ ਦੀ ਕੋਸ਼ਿਸ਼ ਕਰਾਂ ਤਾਂ ਹੋ ਸਕਦਾ ਹੈ ਕਿ ਅਕਾਲ-ਪੁਰਖ ਦੀ ਮਿਹਰ ਸਦਕਾ ਕਾਮਯਾਬ ਹੋ ਹੀ ਜਾਵਾਂ। ਸੋ ਉਸੇ ਦਾ ਆਸਰਾ ਲੈ ਕਿ ਇਹ ਉਦਮ ਕੀਤਾ ਹੈ। ਮੈਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਮਹਾਨ-ਸ਼ਾਇਰ-ਪਿਤਾ ਸਤਿਗੁਰ ਨਾਨਕ ਦੇਵ ਜੀ ਨੇ ਆਪਣੇ ਬੱਚੇ ਤੋਂ ਆਪ ਮਿਹਰ-ਭਰਿਆ ਹੱਥ ਰੱਖ ਕੇ ਇਹ ਸੇਵਾ ਕਰਵਾ ਲਈ ਹੈ। ਉਹਨਾਂ ਦੀ ਆਪਾਰ ਕਿਰਪਾ ਸਦਕਾ ਦਾਸ ਦੇ ਹੱਥੋਂ ਕੁਝ ਅਧਿਆਤਮੀ-ਗ਼ਜ਼ਲਾਂ ਲਿਖੀਆਂ ਗਈਆਂ ਹਨ ਜਿਨ੍ਹਾਂ ਕਰਕੇ ਪੰਜਾਬੀ-ਗ਼ਜ਼ਲ ਦਾ ਇਹ ਪਹਿਲੂ ਵੀ ਸ਼ਾਇਦ ਜ਼ਿਕਰ-ਯੋਗ ਹੋ ਜਾਵੇਗਾ।

ਪਿਛਲੇ ਕਾਫ਼ੀ ਅਰਸੇ ਤੋਂ ਮੈਂ ਅਧਿਆਤਮੀ-ਗ਼ਜ਼ਲਾਂ ਅਲੱਗ-ਅਲੱਗ ਅਖ਼ਬਾਰਾਂ ਤੇ ਰਸਾਲਿਆਂ ਵਿੱਚ ਛਪਵਾਉਂਦਾ ਆਇਆ ਹਾਂ ਤੇ ਆਪਣੇ ਗ਼ਜ਼ਲ-ਸੰਗ੍ਰਹਿਆਂ ਵਿੱਚ ਵੀ ਵੰਨਗੀ ਦੇ ਤੌਰ 'ਤੇ ਇਸ ਰੰਗ ਨੂੰ ਥਾਂ ਦਿੰਦਾ ਰਿਹਾ ਹਾਂ। ਪਾਠਕਾਂ ਵੱਲੋਂ ਇਸ ਰੰਗ ਨੂੰ ਮਿਲੇ ਹੁੰਗਾਰੇ ਤੋਂ ਹੀ ਉਤਸ਼ਾਹਿਤ ਹੋ ਕੇ ਅਧਿਆਤਮੀ-ਗ਼ਜ਼ਲਾਂ ਦੀ ਇਹ ਪਹਿਲੀ ਪੁਸਤਕਾ 'ਅਰਦਾਸ ਕਰ' ਆਪਣੇ ਪਿਆਰੇ ਪਾਠਕਾਂ ਦੇ ਕਰ-ਕਮਲਾਂ ਤੱਕ ਪਹੁੰਚਾਉਣ ਦਾ ਹੌਸਲਾ ਕਰ ਰਿਹਾ ਹਾਂ। ਮੈਨੂੰ ਪੂਰਨ ਭਰੋਸਾ ਹੈ ਕਿ ਪੰਜਾਬੀ-ਪਾਠਕ ਮੇਰੇ ਇਸ ਉਪਰਾਲੇ ਨੂੰ ਆਪਣਾ ਪਿਆਰ ਦੇ ਕੇ ਮੈਨੂੰ ਹੋਰ ਉਤਸ਼ਾਹਿਤ ਕਰਨਗੇ

ਇਹ ਸੇਵਾ ਕਰਦਿਆਂ ਰਹਿ ਗਈਆਂ ਘਾਟਾਂ ਅਤੇ ਮੇਰੀਆਂ ਕਾਵਿਕ-ਕਮਜ਼ੋਰੀਆਂ ਵੱਲ ਮੇਰਾ ਧਿਆਨ ਦੁਆਉਣ ਵਾਲੇ ਵਿਦਵਾਨ ਸੱਜਣਾਂ ਦਾ ਮੈਂ ਤਹਿ-ਦਿਲੋਂ ਧੰਨਵਾਦੀ ਹੋਵਾਂਗੀ ਜੀ।

ਦਾਸ,

ਅਮਰਜੀਤ ਸਿੰਘ ਸੰਧੂ
ਸੰਚਾਲਕ- 'ਸੰਧੂ ਗ਼ਜ਼ਲ ਸਕੂਲ'
ਮੋਬਾ. 94636-143528

# ਤਤਕਰਾ


ਕੁਝ ਸ਼ਾਇਰ ਵੱਲੋਂ -3

**ਗਜ਼ਲਾਂ-**

1. ਅਰਦਾਸ ਕਰ! -6
2. ਸਤਿ-ਸੰਗਤ ਐਸੀ ਜਾਣੀਐ -7
3. ਸੁਬਾਹ ਸਵੇਰੇ ਜਾਗ -9
4. ਕਿਰਪਾਨ ਦੇ -10
5. ਗੁਰੂ ਦੀ ਕਿਰਪਾ ਹੈ -11
6. ਤੂੰ ਕਮਲਾ ਹੀ ਬਣਾ ਮੈਨੂੰ -13
7. ਉਸ ਦਾ ਮਾਣ ਮਜ਼ਾ -14
8. ਅਰੜਾਏ ਬਰੜਾਏ ਨਿੰਦਕ -15
9. ਤੇਰਾ ਦੀਦਾਰ ਹੋ ਜਾਵੇ -17
10. ਆਵੇ ਗ਼ਰੂਰ ਹੋ ਕੇ -18
11. ਅੰਮ੍ਰਿਤ ਛਕੋ -19
12. ਹੋ ਰਿਹਾ ਸਾਕਾਰ ਹੈ -21
13. ਕੁਦਰਤਾਂ ਤੇਰੀਆਂ -22
14. ਕਿਰਪਾਨ ਲੈ ਕੇ ਕੀ ਕਰਾਂਗਾ? -23
15. ਦਰ 'ਤੇ ਜਾ ਕੇ ਵੇਖਿਐ -24
16. ਨਹੀਂ ਸਮਝਾ ਸਕਦੀ -25
17. ਤੇਰਾ ਹੁਲੀਆ ਬਦਲ ਜਾਣਾ -27
18. ਬੁਰੇ ਕੰਮ ਦੀ ਸਜ਼ਾ ਦਿੰਦੈ -28
19. ਮੈਂ ਨਹੀਂ ਸੀ -29
20. ਮੰਜ਼ਿਲ ਨਜ਼ਰ 'ਚ ਹੈ -31
21. ਗੀਤਾ ਕੁਰਾਨ ਅੱਖਰ -32
22. ਰਹਿਣ ਦੇ ਭਾਵੇਂ -33
23. ਕਿੰਨੇਂ ਜਨਮ ਜਾਗੇ -34

## ( ਇੱਕ )

ਐ ਬਸ਼ਰ, ਕਰਤਾਰ 'ਤੇ ਵਿਸ਼ਵਾਸ ਕਰ, ਅਰਦਾਸ ਕਰ!
ਜ਼ਿੰਦਗੀਆਂ ਦੀਆਂ ਮੁਸ਼ਕਿਲਾਂ ਕੋਲੋਂ ਨਾ ਡਰ, ਅਰਦਾਸ ਕਰ!

ਵਸਲ ਦੇ ਲਈ ਰੌਸ਼ਨੀ ਦੀ ਕਿਰਨ ਪਰਗਟ ਹੋਏਗੀ,
ਹਿਜ਼ਰ ਦੇ 'ਨੇਰ੍ਹੇ 'ਚ ਤੂੰ ਹਾਉਕੇ ਨਾ ਭਰ, ਅਰਦਾਸ ਕਰ!

ਜੇ ਕਿਤੇ ਚੱਲਿਆਂ ਏਂ ਤਾਂ ਅਰਦਾਸ ਕਰ ਕੇ ਤੁਰ ਘਰੋਂ,
ਤੁਰ ਪਿਆ ਏਂ, ਤਾਂ ਵੀ ਦੌਰਾਨੇ-ਸਫ਼ਰ, ਅਰਦਾਸ ਕਰ!

ਜੇ ਇਕੱਲਾ ਰਹਿ ਗਿਐਂ ਤਾਂ, ਇਸ਼ਟ ਦੇ ਪੈਰਾਂ 'ਚ ਡਿੱਗ,
ਤੇਰੇ ਹੱਕ ਵਿਚ ਉਠ ਖਲੋਏਗਾ ਨਗਰ, ਅਰਦਾਸ ਕਰ!

ਉਸ ਦੀ ਕਿਰਪਾ 'ਤੇ ਭਰੋਸਾ ਕਰ, ਕਿ ਉਹ ਕਿਰਪਾਲ ਹੈ,
ਅਪਣੀਆਂ ਕਮੀਆਂ ਦੀ ਤੂੰ, ਚਿੰਤਾ ਨਾ ਕਰ, ਅਰਦਾਸ ਕਰ!

ਇਸ ਕਰੋਪੀ ਰੂਬਰੂ ਅਪਣੇ ਯਤਨ ਬੇਕਾਰ ਹਨ,
ਮਿਹਰਬਾਂ ਹੋਵੇ ਕਿਤੇ ਰਬ ਦੀ ਨਜ਼ਰ, ਅਰਦਾਸ ਕਰ!

ਕੀ ਪਤੈ, ਕਿੱਥੇ ਕਿਸੇ ਨੂੰ ਖਾ ਲਵੇ ਕੋਈ ਹਾਦਸਾ,
ਰਹਿ ਨਾ ਜਾਏ ਰਾਹ ਵਿਚ ਕੋਈ ਹਮ-ਸਫ਼ਰ, ਅਰਦਾਸ ਕਰ!

ਇਸ ਉਜਾੜੇ ਦਾ ਵੀ ਚਾਰਾਗਰ ਕੋਈ ਚਾਰਾ ਕਰੇ,
ਹਸਦੇ-ਵਸਦੇ ਸਭ ਨੂੰ ਦਿੱਸਣ ਸਭ ਨਗਰ, ਅਰਦਾਸ ਕਰ!

'ਸੰਧੂ' ਵਰਗਾ ਮੂੜ੍ਹ-ਜੱਟ ਸ਼ਾਇਰ ਬਣਾ ਦਿੱਤੈ ਜਿਨ੍ਹੇਂ,
ਵੇਖਿਆ ਅਰਦਾਸ ਦਾ ਹੁੰਦਾ ਅਸਰ? ਅਰਦਾਸ ਕਰ!

(13-11-1992)

## ( ਦੋ )

ਸਤਿਗੁਰਾਂ ਦੇ ਮਹਾਂਵਾਕ ਨੂੰ ਮੁੱਖ-ਬੋਲ (ਮਤਲਾ) ਬਣਾਕੇ ਲਿਖੀ ਗਈ ਗ਼ਜ਼ਲ (ਗੁਰਬਾਣੀ ਵਿੱਚ ਬਹੁਤੀਆਂ ਥਾਂਵਾਂ ’ਤੇ ਅਨੁਨਾਸਿਕ ਆਵਾਜ਼ ਦੇਣ ਵਾਲੀ ਲਗ ਨਾਲ ਵੀ ਬਿੰਦੀ-ਟਿੱਪੀ ਨਹੀਂ ਲਗਾਈ ਹੁੰਦੀ, ਪਰ ਵਿਆਕਰਣ ਅਨੁਸਾਰ ਉਸ ਲਫ਼ਜ਼ ਨੂੰ ਬਿੰਦੀ-ਟਿੱਪੀ ਸਹਿਤ ਹੀ ਉਚਾਰਨਾ ਯੋਗ ਮੰਨਿਆ ਜਾਂਦਾ ਹੈ। ਇਉਂ ਇੱਥੇ ਵੀ ‘ਜਾਣੀਐ’ ਅਤੇ ‘ਵਖਾਣੀਐ’ ਦੇ ‘ਐ’ ਨੂੰ ‘ਐਂ’ ਵਾਂਗ ਹੀ ਉਚਾਰਿਆ ਜਾਵੇ ਜੀ।

-ਅਮਰਜੀਤ ਸਿੰਘ ਸੰਧੂ

ਸਤਿ-ਸੰਗਤ ਐਸੀ ਜਾਣੀਐ।
ਜਿਥੇ ਇੱਕੋ ਨਾਮ ਵਿਖਾਣੀਐ।

ਕਰ ਸੰਗਤ ਸੱਚੇ ਸੰਤ ਦੀ,
ਖ਼ੁਦ ਵਿੱਚੋਂ ਰੱਬ ਪਛਾਣੀਐਂ।

ਜੇ ਧੁੱਪ ਸਤਾਵੇ ਦੁੱਖ ਦੀ,
ਬਾਣੀ ਦਾ ਚੰਦੋਆ ਤਾਣੀਐਂ।

ਜੇ ਕਾਂਬਾ ਪਾਪਾਂ ਦਾ ਛਿੜੇ,
ਤਾਂ ਸਤਿਗੁਰ ਦਾ ਨਿੱਘ ਮਾਣੀਐਂ।

ਜਿਉਂ ਮਾਂ ਬਾਲਕ ਦੇ ਅੰਗ-ਸੰਗ,
ਸਤਿਗੁਰ ਨੂੰ ਏਵੇਂ ਜਾਣੀਐਂ।

ਲੱਖ ਦੁਰਮਤਿ ਉੱਤਰੇ ਕੀਤਿਆਂ,
ਇਸ਼ਨਾਨ ਨਾਮ ਦੇ ਪਾਣੀਐਂ।

ਬਿਖ ’ਚੋਂ ਵੀ ਅੰਮ੍ਰਿਤ ਨਿੱਕਲੂ,
ਜੇ ਰਿੜਕੇਂ ਨਾਮ-ਮਧਾਣੀਐਂ।

ਇਕ ਨਾਮ ਹੈ ਕਰਤਾ ਸਭਸ ਦਾ,
ਇਹ ਗਿਆਨ ਮਿਲੇ ਗੁਰਬਾਣੀਐਂ।

ਕਿਉਂ ਸੁੱਤੀ ਕੰਤ ਵਿਸਾਰ ਕੇ,
ਉੱਠ, ਸਿਮਰ ਪ੍ਰਭੂ ਪ੍ਰਭਾਣੀਐਂ।

ਬੇਮੁੱਖ ਨੂੰ ਪੀੜੇ ਧਰਮ-ਰਾਜ,
ਤਿਲ ਪੀੜੀਦੇ ਜਿਉਂ ਘਾਣੀਐਂ।

ਅਮਲਾਂ 'ਤੇ ਨਿੱਬੜੂ ਮਾਮਲਾ,
'ਸੰਧੂ' ਤਾਂ ਗੱਲ ਸਮਝਾਣੀਐਂ।

(03-09-2005)

## ( ਤਿੰਨ )

ਰਾਤ ਸੁਵੇਲੇ ਸੌਂ ਸਜਨ, ਸੁਬਾਹ ਸਵੇਰੇ ਜਾਗ।
ਅੰਮ੍ਰਿਤ-ਵੇਲੇ ਭਜਨ ਕਰ, ਜਾਗਣ ਮੱਥੇ ਭਾਗ।

ਧੀਰੇ-ਧੀਰੇ ਝੂੱਲਦੈ, ਕਰਮਾਂ-ਸੰਧੜਾ-ਬਾਗ।
ਧੀਰੇ-ਧੀਰੇ ਲੱਗਦੀ, ਸਤਿ-ਸੰਗਤ ਦੀ ਲਾਗ।

ਸਤਿਗੁਰ! ਤੇਰੇ ਦਰਸ ਨੂੰ, ਤਰਸ ਗਿਆ ਹੈ ਦਾਸ,
ਸੋਚਾਂ ਦੇ ਵਿਚ ਮਿਲਣ ਹੈ, ਮਨ ਦੇ ਵਿਚ ਵੈਰਾਗ।

ਜਿਸ 'ਤੇ ਬੜੀ ਉਮੀਦ ਸੀ, ਕਿ ਉਹ ਵੰਡੂ ਗਿਆਨ,
ਗਿਆਨ-ਖ਼ਜ਼ਾਨੇ 'ਤੇ ਉਹੀ, ਬਣ ਕੇ ਬੈਠੈ ਨਾਗ।

ਸੋ ਨਾ ਖਾਵੀਂ ਜੋ ਦਵੇ, ਆਲਸ, ਪੀੜ, ਵਿਕਾਰ,
ਬਾਕੀ ਸਭ ਕੁਝ ਭੁੰਚ ਤੂੰ, ਕੀ ਗੋਸ਼ਤ ਕੀ ਸਾਗ।

ਪਹਿਲਾਂ ਸੋਚ-ਵਿਚਾਰ ਕਰ, ਫਿਰ ਕਰ ਕੋਈ ਗੱਲ,
ਅੱਖ ਝੁਕੇ ਨਾ ਸੱਥ ਵਿਚ, ਮੱਥੇ ਪਵੇ ਨਾ ਦਾਗ।

ਜਿਸ ਘਰ ਕੀਰਤ ਗਾਈਏ, ਜਿਸ ਘਰ ਜਪੀਏ ਨਾਮ,
ਤਿਸ ਘਰ ਸਦਾ ਆਨੰਦ ਹੈ, ਹਰ ਵੇਲੇ ਹੈ ਫਾਗ।

ਚਿੱਟੇ ਬਸਤਰ ਪਹਿਨ ਕੇ, ਕਰਨ ਜੋ ਕਾਲੇ ਕੰਮ,
ਦਾਗ ਉਨਾਂ ਦੇ ਮਸਤਕੀਂ, ਗਲੇ ਉਨ੍ਹਾਂ ਦੇ ਤਾਗ।

ਜੰਗਲ ਵਿੱਚ, ਉਜਾੜ ਵਿੱਚ, ਘਰ ਵਿੱਚ, 'ਨੇਰੇ ਵਿੱਚ,
ਕਰਤਾ ਹਰ ਥਾਂ ਵਾਚਦੈ, 'ਸੰਧੂ' ਭਾਈ, ਜਾਗ।

(ਜੂਨ, 2008)

## ( ਚਾਰ )

ਦੇ ਕਲਮ, ਸੰਕਲਪ ਦੇ, ਕਿਰਪਾਨ ਦੇ!
ਹੌਸਲਾ ਮਨ ਵਿਚ, ਬਦਨ ਵਿਚ ਜਾਨ ਦੇ!

ਤੂੰ ਹੁਨਰ ਦੇ, ਨਿਮਰਤਾ ਦੇ, ਗਿਆਨ ਦੇ,
ਮੈਂ ਤੇਰਾ ਜੱਸ ਗਾ ਸਕਾ ਵਰਦਾਨ ਦੇ!

ਦਰਦ ਦੇ, ਦਾਰੂ ਵੀ ਦੇ ਐ ਦਾਤਿਆ!
ਦੇ ਕੇ ਬਿਰਹਾ, ਵਸਲ ਦਾ ਵੀ ਦਾਨ ਦੇ!

ਮੈਲੇ ਤਨ ਦਾ ਪਿੰਡ ਕਰ ਦੇਵੇ ਪੁਨੀਤ,
ਪਾਤਸ਼ਾਹ! ਇਕ ਪਾਕ-ਰੂਹ ਮਹਿਮਾਨ ਦੇ!

ਗ਼ੈਰ ਦੀ ਕਿਰਪਾ ਦਾ ਨਾ ਪਾਤਰ ਬਣਾ,
ਸਤਿਗੁਰੂ! ਅਪਣੀ ਦਇਆ ਦਾ ਦਾਨ ਦੇ!

ਜੇ ਜ਼ਮੀਂ 'ਤੇ ਬਖ਼ਸ਼ਿਐ ਜੀਵਨ, ਐ ਰੱਬ!
ਇਸ ਨੂੰ ਬਾਸ਼ਿੰਦੇ ਖ਼ਰੇ ਇਨਸਾਨ ਦੇ!

ਜੂਝਦਾ ਪਹੁੰਚਾਂ ਤੇਰੇ ਚਰਨਾਂ 'ਚ ਮੈਂ,
ਅਪਣੇ ਸੇਵਕ ਨੂੰ ਤੂੰ ਐਸਾ ਮਾਨ ਦੇ!

ਸੱਚ ਦਾ ਮੰਦਿਰ ਬਣੇ 'ਸੰਧੂ' ਦਾ ਦਿਲ,
ਸੱਚਿਆ ਸ਼ਾਹਾ! ਇਹੋ ਵਰਦਾਨ ਦੇ!

(7-7-1998)

## ( ਪੰਜ )

ਖੁਸ਼ੀਆਂ ਨੇ ਆਪਾਰ, ਗੁਰੂ ਦੀ ਕਿਰਪਾ ਹੈ॥
ਹਰ ਪਲ਼ ਹਾਂ ਸ਼ਰਸ਼ਾਰ, ਗੁਰੂ ਦੀ ਕਿਰਪਾ ਹੈ॥

ਤੂੰ ਕਹਿਨੈ, 'ਬੇਕਾਰ, ਗੁਰੂ ਦੀ ਕਿਰਪਾ ਹੈ॥
ਮੇਰਾ ਤਾਂ ਆਧਾਰ, ਗੁਰੂ ਦੀ ਕਿਰਪਾ ਹੈ॥

ਮੇਰੇ ਵਿਚ ਕੀ ਗੁਣ ਹੈ? ਕਾਹਦੇ ਜੋਗਾਂ ਮੈਂ?
ਸ਼ਿਅਰਾਂ ਦੀ ਮਹਿਕਾਰ, ਗੁਰੂ ਦੀ ਕਿਰਪਾ ਹੈ॥

ਵੈਦਾਂ ਨੇ ਤਾਂ ਮਾਰ ਮੁਕਾਇਆ ਸੀ ਉਸ ਨੂੰ,
ਉੱਠ ਪਿਐ ਬੀਮਾਰ, ਗੁਰੂ ਦੀ ਕਿਰਪਾ ਹੈ॥

ਇਹ ਜੋ ਤੇਰੀ 'ਬੱਲੇ-ਬੱਲੇ' ਹੁੰਦੀ ਏ,
ਇਹ ਵੀ ਆਖ਼ਿਰਕਾਰ, ਗੁਰੂ ਦੀ ਕਿਰਪਾ ਹੈ॥

ਕਲਗੀਆਂ ਵਾਲੇ ਸ੍ਰੀ-ਸਾਹਿਬ ਜੋ ਬਖ਼ਸ਼ੀ ਹੈ,
ਨਹੀਂ ਕੇਵਲ ਹਥਿਆਰ, 'ਗੁਰੂ ਦੀ ਕਿਰਪਾ' ਹੈ॥

ਬਦਕਾਰਾਂ ਦੇ ਹੱਥੀਂ, ਕਹਿਰ-ਕਰੋਪੀ ਏ,
ਸੰਤਾਂ ਹੱਥ ਤਲਵਾਰ, ਗੁਰੂ ਦੀ ਕਿਰਪਾ ਹੈ॥

ਮੈਂ ਤੇਰੇ ਤੋਂ ਕੀ ਮੰਗਾਂ, ਕੀ ਨਾ ਮੰਗਾਂ?
ਐ ਮੇਰੇ ਦਾਤਾਰ! ਗੁਰੂ ਦੀ ਕਿਰਪਾ ਹੈ॥

ਤੇਰੀ ਮਿਹਰ ਦਾ ਮੀਂਹ ਉਸ 'ਤੇ ਹੀ ਵਰ੍ਹਦਾ ਏ,
ਜਿਸ 'ਤੇ ਐ ਕਰਤਾਰ! ਗੁਰੂ ਦੀ ਕਿਰਪਾ ਹੈ॥

ਦਿਲ ਵਿਚ 'ਇਕ ਓਂਕਾਰ', ਲਬਾਂ 'ਤੇ 'ਵਾਹਿਗੁਰੂ',
ਹੱਥੀਂ 'ਸੁੱਚੀ-ਕਾਰ', ਗੁਰੂ ਦੀ ਕਿਰਪਾ ਹੈ॥

ਨਾਮ-ਦਾਨ, ਇਸ਼ਨਾਨ ਗੁਰੂ ਦੀਆਂ ਦਾਤਾਂ ਨੇ,
ਚੰਗਾ ਕਾਰੋਬਾਰ, ਗੁਰੂ ਦੀ ਕਿਰਪਾ ਹੈ॥

ਰੋਜ਼ੀ-ਰੋਟੀ, ਇੱਜ਼ਤ-ਮਾਣ ਤੇ ਬੇਫ਼ਿਕਰੀ,
ਬੱਚੇ ਆਗਿਆਕਾਰ, ਗੁਰੂ ਦੀ ਕਿਰਪਾ ਹੈ॥

ਮੇਰੇ ਰੱਬ ਤੇ ਮੇਰੇ ਵਿੱਚੋਂ ਢੱਠ ਗਈ,
ਮਾਇਆ ਦੀ ਦੀਵਾਰ, ਗੁਰੂ ਦੀ ਕਿਰਪਾ ਹੈ॥

ਵਕਤ ਦੀਆਂ ਸਰਕਾਰਾਂ ਨੂੰ ਉਹ ਕੀ ਜਾਣੇ?
ਜਿਸ 'ਤੇ ਐ ਸਰਕਾਰ, ਗੁਰੂ ਦੀ ਕਿਰਪਾ ਹੈ॥

ਕਰਮਾਂ ਦੀ ਚੱਕੀ ਵਿਚ ਉਸ ਨੇ ਪਿਸਣੈਂ ਕੀ,
ਜਿਸ 'ਤੇ ਬਖ਼ਸ਼ਣਹਾਰ, ਗੁਰੂ ਦੀ ਕਿਰਪਾ ਹੈ॥

ਜਿਸ ਨੂੰ ਮਿਲਿਆਂ, ਰੱਬ ਆ ਵਸਦੈ ਮਨ ਅੰਦਰ,
ਮਿਲਿਆ ਉਹ ਦਿਲਦਾਰ, ਗੁਰੂ ਦੀ ਕਿਰਪਾ ਹੈ॥

ਰਿੰਦਾਂ ਨੂੰ ਛੱਡ ਆ ਗਈ ਮੇਰੇ ਕੋਲ ਗ਼ਜ਼ਲ,
ਇਹ ਵੀ ਤਾਂ ਸਰਕਾਰ! ਗੁਰੂ ਦੀ ਕਿਰਪਾ ਹੈ॥

ਧੰਨੇ ਵਾਂਗੂੰ 'ਸੰਧੂ' ਜੱਟ ਨੂੰ ਵੀ ਉਸ ਨੇ,
ਕੀਤੈ ਅੰਗੀਕਾਰ, ਗੁਰੂ ਦੀ ਕਿਰਪਾ ਹੈ॥

(15-5-98)

## ( ਛੇ )

ਸਿਆਣਾ ਨਾ ਬਣਾ ਸਤਿਗੁਰ, ਤੂੰ ਕਮਲਾ ਹੀ ਬਣਾ ਮੈਨੂੰ।
'ਤੇਰਾ ਦੀਵਾਨਾ' ਸਭ ਆਖਣ, ਤੂੰ ਐਸਾ ਦੇਹ ਸ਼ੁਦਾ ਮੈਨੂੰ।

ਸਿਆਣਪ ਦੀ ਅਵਹਿ ਦੀਵਾਰ, ਪਰਦਾ ਬਣ ਗਈ ਅਪਣਾ,
ਤੂੰ ਇਹ ਦੀਵਾਰ ਢਾਹ ਕੇ, ਆਪਣਾ ਜਲਵਾ ਦਿਖਾ ਮੈਨੂੰ।

ਤੂੰ ਮੈਨੂੰ ਦੂਰ ਨਾ ਕਰਨਾ, ਕਿ ਫਿਰ ਚੇਤੰਨ ਹੋ ਜਾਵਾਂ,
ਤੇਰੇ ਨਜ਼ਦੀਕ ਹੋਵਣ ਦਾ, ਰਹੇ ਹਰ ਦਮ ਨਸ਼ਾ ਮੈਨੂੰ।

ਘਟਾ ਨੂੰ ਵੇਖ ਕੇ ਮਨ-ਮੋਰ ਕੂਕਾਂ ਮਾਰਦੈ, ਨੱਚਦੈ,
ਤੇਰੇ ਦੀਦਾਰ ਦੀ ਦਿੱਸਦੀ ਰਹੇ, ਕਾਲੀ ਘਟਾ ਮੈਨੂੰ।

ਨਫ਼ੇ ਦੇ ਲੋਭ ਵਿਚ ਹਰ ਦਮ, ਖ਼ਸਾਰਾ ਹੀ ਖ਼ਸਾਰਾ ਸੀ,
ਨਫ਼ੇ ਦਾ ਲੋਭ ਮੁੱਕਣ 'ਤੇ, ਬੜਾ ਹੋਇਆ ਨਫ਼ਾ ਮੈਨੂੰ।

ਤੇਰੀ ਰਹਿਮਤ ਭਰੋਸੇ ਮੈਂ ਬੜਾ ਖੁੱਲ੍ਹ-ਖੇਡਿਐਂ ਰੱਬਾ!
ਇਸੇ ਰਹਿਮਤ ਭਰੋਸੇ ਦੀ ਹੀ ਨਾ ਦੇ ਦਈਂ ਸਜ਼ਾ ਮੈਨੂੰ।

ਤੇਰੀ ਦੁਨੀਆਂ ਦੇ ਵਿਚ, ਗ਼ੁਫ਼ਤਾਰ ਦੇ ਗ਼ਾਜ਼ੀ ਬਥੇਰੇ ਨੇ,
ਮੇਰੇ ਕਰਤਾਰ! ਤੂੰ ਕਿਰਦਾਰ ਦਾ ਗ਼ਾਜ਼ੀ ਬਣਾ ਮੈਨੂੰ।

ਕਿ ਹੁਣ ਊਣੀ-ਅਧੂਰੀ ਗੱਲ ਕਹਿਣ ਨੂੰ ਚਿੱਤ ਨਹੀਂ ਕਰਦਾ,
ਮੈਂ ਆਉਂਦਾ ਹਾਂ, ਤਾਂ ਤੂੰ ਕਹਿਨੈਂ, ਕਿ ਹੁਣ ਗ਼ਜ਼ਲਾਂ ਸੁਣਾ ਮੈਨੂੰ।

ਤੇਰਾ ਸਤਿਕਾਰ ਵੀ ਆਉਂਦੈ, ਤੇਰੇ 'ਤੇ ਪਿਆਰ ਵੀ ਆਉਂਦੈ,
ਤੇਰਾ ਹੀ ਖ਼ੌਫ਼ ਹੈ ਮੈਨੂੰ, ਤੇਰਾ ਹੀ ਆਸਰਾ ਮੈਨੂੰ।

ਮੈਂ ਇਹ ਚਹੁੰਦਾਂ ਕਿ ਮਹਿਫ਼ਿਲ ਵਿੱਚ ਨਾ 'ਸੰਧੂ' ਗ਼ਲਤ ਬੋਲੇ,
ਮੈਂ ਇਹ ਨਹੀਂ ਪੁੱਛਣਾ ਚਹੁੰਦਾ, ਕਿਸੇ ਨੇ ਕੀ ਕਿਹਾ ਮੈਨੂੰ।

(01-12-2005)

## ( ਸੱਤ )

ਗੁੜ ਤੋਂ ਵੀ ਜੋ ਮਿੱਠਾ ਖਾਧੈ, ਉਸ ਦਾ ਮਾਣ ਮਜ਼ਾ!
ਜੀਭ ਨੂੰ ਆਪਣੀ ਜੇਬ 'ਚ ਪਾ ਕੇ, ਗੂੰਗਾ ਹੀ ਬਣ ਜਾ!

ਜੇ ਕੁਝ ਹਾਸਿਲ ਹੋਇਆ ਹੈ ਤਾਂ ਉਸ ਦੀ ਖੱਪ ਨਾ ਪਾ!
ਸੱਚ ਦੇ ਮਾਣਕ-ਮੋਤੀ ਕਾਲੀ ਕੰਬਲੀ ਹੇਠ ਲੁਕਾ!

ਮੈਨੂੰ ਸੌਂਪ ਬਿਗ਼ਾਨੇ ਹੱਥੀਂ, ਕਿੱਥੇ ਉਲਝ ਗਿਆ?
ਅਪਣੀ ਹੀਰ ਨੂੰ ਲੈਣ ਲਈ ਹੁਣ, ਧੀਦੋ ਖੇੜੀਂ ਆ!

ਤੈਨੂੰ ਆਪੇ ਘੱਲਿਐ ਉਸ ਨੇ, ਆਪੇ ਹੀ ਨਾ ਜਾ!
ਤੈਨੂੰ ਵਾਪਸ ਲੈਣ ਲਈ ਆਵੇਗਾ ਆਪ ਖ਼ੁਦਾ!

ਤਾਕਤ ਅਤੇ ਬੁਲੰਦੀ ਦਾ, ਕਰਦਾ ਸੀ ਮਾਣ ਬੜਾ।
ਪੈਰੀਂ ਲੱਗੀ ਸਿਓਂਕ ਤਾਂ ਪਿੱਪਲ ਮੂਧਾ ਆਣ ਪਿਆ!

ਅਪਣੇ ਬਾਪੂ ਨੂੰ ਮਿਲਣੈਂ ਤਾਂ ਉਸ ਨੂੰ 'ਵਾਜ ਲਗਾ!
ਵੇਦ-ਕਿਤੇਬਾਂ ਪੜ੍ਹ-ਪੜ੍ਹ ਐਵੇਂ ਕਾਹਨੂੰ ਕਰੇਂ ਖਪਾ?

ਸਭ ਰਾਹਾਂ ਦਾ ਰਾਹ-ਦਸੇਰਾ, ਚੌਂਕ 'ਚ ਆਪ ਖੜਾ।
ਸਭ ਧਰਮਾਂ ਦਾ ਠੇਕਾ ਨਾ ਲੈ, ਅਪਣਾ ਧਰਮ ਨਿਭਾ!

ਕਹਿਣੀ ਸੌਖੀ, ਕਰਨੀ ਔਖੀ ਹੈ ਪਰ ਐ ਮਿਤਰਾ!
ਅਪਣੀ ਕਹਿਣੀ ਤੇ ਕਰਨੀ ਨੂੰ ਸਾਵਾਂ ਰੱਖ ਸਦਾ!

ਅੰਦਰ ਵੱਜਣ ਅਨਹਦ-ਵਾਜੇ, ਅੰਦਰੇ ਝੁੰਮਰ ਪਾ!
ਬਾਹਰੋਂ ਪੱਥਰ ਹੋ ਕੇ 'ਸੰਧੂ', ਸਭ ਦੇ ਠੁੱਡੇ ਖਾ!

(12-05-2007)

## ( ਅੱਠ )

(ਸਤਿਗੁਰਾਂ ਦੇ ਮਹਾਂਵਾਕ ਨੂੰ ਮੁੱਖ-
ਬੋਲ (ਮਤਲਾ) ਬਣਾਕੇ ਲਿਖੀ
ਗਈ ਗ਼ਜ਼ਲ)

ਅਰੜਾਏ ਬਰੜਾਏ ਨਿੰਦਕ।
ਅਪਣਾ ਕੀਤਾ ਪਾਏ ਨਿੰਦਕ।

'ਨਿੰਦਾ ਭਲੀ ਕਿਸੀ ਕੀ ਨਾਹੀਂ',
ਕਿਉਂ ਫਿਰ ਵੀ ਖੇਹ-ਖਾਏ ਨਿੰਦਕ।

ਬਿਨ ਸਾਬਣ, ਬਿਨ ਆਖੇ ਸਾਡੇ
ਕੱਪੜੇ ਧੋ-ਧੋ ਜਾਏ ਨਿੰਦਕ।

ਗੁਣ 'ਤੇ ਚਿੱਤ ਧਰੇ ਨਾ ਕਮਲਾ,
ਔਗੁਣ ਚੁਣ-ਚੁਣ ਖਾਏ ਨਿੰਦਕ।

ਦੂਜੇ ਨੂੰ ਨੀਵਾਂ ਦੱਸ-ਦੱਸ ਕੇ,
ਅਪਣਾ ਕੱਦ ਵਧਾਏ ਨਿੰਦਕ।

ਸੱਚ ਜਦੋਂ ਜੱਗ-ਜ਼ਾਹਿਰ ਹੋਵੇ,
ਮੂੰਹ ਕਾਲਾ ਕਰਵਾਏ ਨਿੰਦਕ।

ਛੇਕ-ਭਰੀ ਜੀਵਨ ਬੇੜੀ ਵਿਚ,
ਪੱਥਰ ਭਰਦਾ ਜਾਏ ਨਿੰਦਕ।

ਜਿਉਂ ਕੁੱਤਾ ਕੁੱਤੇ ਦਾ ਵੈਰੀ,
ਨਿੰਦਕ ਨੂੰ ਨਾ ਭਾਏ ਨਿੰਦਕ।

ਵਿਸਟਾ ਦੇ ਕੀੜੇ ਦੇ ਵਾਂਗੂੰ,
ਨਿੰਦਾ ਵਿਚ ਮਰ ਜਾਏ ਨਿੰਦਕ।

ਸ਼ੋਭਾ-ਵੰਤ ਬਣੇ ਨਿੰਦਕ ਵੀ,
ਜੇ ਸਤ-ਸੰਗਤ ਆਏ ਨਿੰਦਕ।

ਨਿੰਦਾ ਜੱਗ ਨੂੰ ਬਹੁਤ ਪਿਆਰੀ,
ਪਰ ਹਰਿ ਜੂ ਨਾ ਭਾਏ ਨਿੰਦਕ।

ਮੂੰਹ 'ਤੇ ਨਿੰਦਾ ਕਰਨੀ ਹੈ ਤਾਂ,
'ਸੰਧੂ' ਦੇ ਘਰ ਆਏ ਨਿੰਦਕ।

(30-11-2005)

## ( ਨੌ )

ਮੇਰੇ ਵਰਗੇ ਨਿਕਰਮੇਂ ਨੂੰ ਤੇਰਾ ਦੀਦਾਰ ਹੋ ਜਾਵੇ।
ਤਾਂ ਸਤਿਗੁਰ! ਮੇਰਾ ਪਾਪੀ ਦਾ ਵੀ ਬੇੜਾ ਪਾਰ ਹੋ ਜਾਵੇ।

ਮੇਰੇ ਮਨ 'ਚੋਂ ਦਵੈਤੀ-ਭਾਵਨਾ ਨੂੰ ਕੱਢ ਦੇ ਦਾਤਾ!
ਮੇਰੇ ਮਨ ਵਿਚ ਤੇਰਾ ਹੀ ਰੂਪ ਇਹ ਸੰਸਾਰ ਹੋ ਜਾਵੇ।

ਮੈਂ ਤੇਰੇ ਲੜ ਹੀ ਲੱਗ ਜਾਵਾਂ, ਨਜ਼ਰ ਮੇਰੀ 'ਚ ਐ ਸਤਿਗੁਰ,
ਇਹ ਝੂਠੇ ਲਾਲਚਾਂ ਦੀ ਪ੍ਰਾਪਤੀ ਬੇਕਾਰ ਹੋ ਜਾਵੇ।

ਤੇਰੇ ਤੋਂ ਦੂਰ ਹੋ ਕੇ ਭਟਕਦਾ ਹਾਂ ਮੈਂ ਬੜੇ ਚਿਰ ਦਾ,
ਤੇਰਾ ਦੀਦਾਰ ਹੋ ਜਾਵੇ ਤਾਂ ਬੇੜਾ ਪਾਰ ਹੋ ਜਾਵੇ।

ਬਚਾਉਂਦਾ ਸਿਰ ਲੁਕਾਈ ਦੇ, ਉਦੋਂ ਉੱਡੇ ਮੇਰਾ ਹੀ ਸਿਰ,
ਜਦੋਂ ਕਿਧਰੇ ਹਕੂਮਤ ਜ਼ੁਲਮ ਦੀ ਤਲਵਾਰ ਹੋ ਜਾਵੇ।

ਫੜਾ ਕੇ ਮੈਨੂੰ ਉਂਗਲ ਜੋ ਲਿਜਾਏ ਮੇਰੇ ਬਾਪੂ ਤੱਕ,
ਮੇਰਾ ਸਿਰ ਓਸ ਤੋਂ ਸਦਕੇ ਹਜ਼ਾਰਾਂ ਵਾਰ ਹੋ ਜਾਵੇ।

ਜੇ ਮੇਰੇ ਦੋਸ਼ ਵੇਖੇਂਗਾ ਤਾਂ ਮੈਨੂੰ ਤਾਰ ਚੁਕਿਆ ਤੂੰ,
ਤੇਰੀ ਕਿਰਪਾ ਦੇ ਸਦਕੇ ਖ਼ਬਰੇ ਪਾਪੀ ਪਾਰ ਹੋ ਜਾਵੇ।

ਮੁਹੱਬਤ ਕਰਨ ਵੇਲੇ ਮੈਂ ਨਾ ਪਰਖਾਂ ਦੋਸ਼-ਗੁਣ ਪ੍ਰਭ ਜੀ,
ਮੁਹੱਬਤ ਸਭ ਨੂੰ ਕਰਨਾ ਹੀ ਮੇਰਾ ਕਿਰਦਾਰ ਹੋ ਜਾਵੇ।

ਤੂੰ 'ਸੰਧੂ' ਵਰਗੇ ਮੂਰਖ ਨੂੰ ਜ਼ਰਾ ਜਿਹੀ ਵਿਦਵਤਾ ਦੇ ਦੇ,
ਸਿਆਣਪ ਨਾਲ ਗਲ ਕਰਨੀ ਉਦ੍ਹਾ ਵਿਉਹਾਰ ਹੋ ਜਾਵੇ।

(7-12-07)

## ( ਦਸ )

ਯਾ ਰੱਬ! 'ਪ੍ਰਾਪਤੀ' ਨਾ ਆਵੇ ਗ਼ਰੂਰ ਹੋ ਕੇ।
ਤੇਰਾ ਨਾਮ ਵੀ ਲਬਾਂ 'ਤੇ, ਆਵੇ ਸ਼ਊਰ ਹੋ ਕੇ।

ਝੂਠਾ ਮੂੰਹ ਲੈ ਕੇ ਜਾਊਂ, ਸੱਚੇ ਦੇ ਦਰ 'ਤੇ ਕਿੱਦਾਂ,
ਤਾ-ਉਮਰ ਏਹੋ ਗ਼ਮ ਹੀ ਵਗਿਆ ਨਸੂਰ ਹੋ ਕੇ।

ਘਰ ਭਰ ਗਿਆ ਦਰਾਂ ਤਕ, ਪਰ ਦਿਲ ਨਹੀਂ ਸੀ ਭਰਿਆ,
ਦਿਲ ਨੂੰ ਮਿਲੀ ਤ੍ਰਿਪਤੀ, ਸਾਬਰ-ਸਬੂਰ ਹੋ ਕੇ।

ਜਾ ਜਾ ਕੇ ਜੰਗਲਾਂ ਵਿਚ, ਉਸ ਨੂੰ ਮੈਂ ਕਿਉਂ ਪਕਾਰਾਂ,
ਮਿਲਦੈ ਜੋ ਦਿਲ 'ਚ ਮੈਨੂੰ, ਹਾਜ਼ਿਰ-ਹਜ਼ੂਰ ਹੋ ਕੇ।

ਜਿਸ ਦਿਨ ਤੋਂ ਨੇੜੇ ਹੋ ਕੇ, ਪ੍ਰੀਤਮ ਨੂੰ ਦੇਖਿਐ ਮੈਂ,
ਉਸ ਦਿਨ ਤੋਂ ਦੇਖਦਾਂ ਹਾਂ, ਦੁਨੀਆਂ ਨੂੰ ਦੂਰ ਹੋ ਕੇ।

ਉਸ ਦੀ ਰਜ਼ਾ 'ਚ ਏਨਾਂ, ਬੇ-ਫ਼ਿਕਰ ਹੋ ਗਿਆ ਹਾਂ,
ਭੋਗੀ ਹੈ ਬਾਦਸ਼ਾਹਿਤ, ਉਸ ਦਾ ਮਜ਼ੂਰ ਹੋ ਕੇ।

ਮਿੱਟੀ ਇਹੋ ਨਾ ਕਿਧਰੇ, ਬਣ ਜਾਏ ਕਬਰ ਤੇਰੀ,
ਮਿੱਟੀ ਨਾ ਪੁਟ ਕਿਸੇ ਦੀ, ਐਨਾਂ ਕਰੂਰ ਹੋ ਕੇ।

ਇਕ ਪਲ਼ 'ਚ ਵੇਖੀਂ ਤੈਨੂੰ, ਸਾਬਤ-ਸਬੂਤ ਕਰ ਦਊ,
ਡਿੱਗੇਂਗਾ ਜਦ ਵੀ ਉਸ ਦੇ, ਦਰ ਚੂਰ-ਚੂਰ ਹੋ ਕੇ।

ਬਖ਼ਸ਼ੀ ਹੈ ਉਸ ਨੇ 'ਸੰਧੂ', ਇਕ ਨੂਰ ਦੀ ਪਟਾਰੀ,
ਜਾਵਾਂਗੇ ਰਬ ਦੇ ਦਰ 'ਤੇ, ਹੁਣ ਨੂਰ-ਨੂਰ ਹੋ ਕੇ।

(14-11-2003)

## ( ਗਿਆਰਾਂ )

ਮਰਨ ਤੋਂ ਲਗਦੈ ਜੇ ਡਰ, ਅੰਮ੍ਰਿਤ ਛਕੋ!
ਹੋਣਾ ਹੈ ਜੇਕਰ ਅਮਰ, ਅੰਮ੍ਰਿਤ ਛਕੋ!

ਕਿੰਜ ਬਦਲ ਦੇਂਦਾ ਹੈ ਇਹ ਜੀਵਨ ਦਾ ਵੇਗ,
ਵੇਖਣੈ ਜਾਦੂ ਅਗਰ, ਅੰਮ੍ਰਿਤ ਛਕੋ!

ਅਪਣੀ ਮਤ ਛੱਡ ਕੇ, ਲਉ ਸਤਿਗੁਰ ਦੀ ਮਤ,
ਭਟਕੋ ਨਾ ਐ ਦਰ-ਬ-ਦਰ, ਅੰਮ੍ਰਿਤ ਛਕੋ!

ਇਕ ਚੁਲੀ ਭਰ ਜਲ 'ਚ ਕੀ ਤਾਸੀਰ ਹੈ,
ਦੇਖਣੈ ਜੇ ਕਰ ਅਸਰ, ਅੰਮ੍ਰਿਤ ਛਕੋ!

ਤੁਪਕਾ-ਤੁਪਕਾ ਪੀ ਕੇ ਚਿੜੀਆਂ ਬੋਲੀਆਂ,
'ਖੁੱਲ ਗਿਐ ਮੁਕਤੀ ਦਾ ਦਰ, ਅੰਮ੍ਰਿਤ ਛਕੋ!'

ਸਿਖ ਕਹਿਣ, 'ਐ ਗੁਰ-ਪਿਦਰ! ਕਰ ਦੇ ਅਮਰ',
ਕਲਗੀਧਰ ਬੋਲੇ, 'ਪਿਸਰ! ਅੰਮ੍ਰਿਤ ਛਕੋ!'

'ਗ਼ਮ-ਨਗਰ' ਤੇ 'ਭਰਮਪੁਰ' ਨੂੰ ਛੱਡ ਕੇ ,
ਆਉ ਸਭ 'ਆਨੰਦ-ਨਗਰ', ਅੰਮ੍ਰਿਤ ਛਕੋ!

ਕੇਸਗੜ੍ਹ ਚੋਂ ਅੱਜ ਵੀ ਆਉਂਦੀ ਹੈ ਆਵਾਜ਼,
ਕਹਿ ਰਿਹਾ ਏ ਕਲਗੀਧਰ, ਅੰਮ੍ਰਿਤ ਛਕੋ!

ਦੁਨੀਆਂ ਦਾ ਹਰ ਸ਼ਖ਼ਸ਼ ਹੋਵੇ 'ਖ਼ਾਲਸਾ',
ਦੁਨੀਆਂਦਾਰੋ, ਇਸ ਕਦਰ ਅੰਮ੍ਰਿਤ ਛਕੋ!

ਕੀ ਪਤੈ ਕਿਸ ਵਕਤ ਪੈ ਜਾਵੇ ਅਵਾਜ਼,
ਉਸ ਅਵਾਜ਼ੋਂ ਪੇਸ਼ਤਰ, ਅੰਮ੍ਰਿਤ ਛਕੋ!

ਨਾਮ, ਬਾਣੀ, ਕਿਰਤ, ਪੁੰਨ, ਸੱਚਾ-ਵਿਹਾਰ,
ਠੀਕ ਨੇ 'ਸੰਧੂ', ਮਗਰ ਅੰਮ੍ਰਿਤ ਛਕੋ!

(08-08-1999)

## ( ਬਾਰਾਂ )

ਗੁਰੂ 'ਚੋਂ ਵਾਹਿਗੁਰੂ ਦਾ ਰੂਪ, ਹੋ ਰਿਹਾ ਸਾਕਾਰ ਹੈ।
ਨਾ ਕੋਈ ਭੇਦ-ਭਾਵ ਹੈ, ਉਹ ਆਪ ਨਿਰੰਕਾਰ ਹੈ।

ਗੁਰੂ ਬੜਾ ਅਪਾਰ ਜੇ, ਕਿ ਨੂਰ ਦਾ ਪਹਾੜ ਜੇ,
ਗੁਰੂ ਦੇ ਨੂਰ ਸਾਮ੍ਹਣੇ, ਕੀ ਚੀਜ਼ ਅੰਧਕਾਰ ਹੈ।

ਗੁਰੂ ਦੀ ਹਸਤੀ ਹੈ ਅਜਬ, ਗੁਰੂ ਹੈ ਸਾਖਸ਼ਾਤ ਰਬ,
ਖ਼ੁਦਾ ਦੀ ਕਾਇਨਾਤ ਵੀ, ਗੁਰੂ ਦਾ ਹੀ ਪਸਾਰ ਹੈ।

ਗੁਰੂ ਗਰੂਰ ਝਾੜਦੈ, ਗੁਰੂ ਸਰੂਰ ਚਾੜ੍ਹਦੈ,
ਗੁਰੂ ਕਦੀ ਜੇ ਤਾੜਦੈ, ਤਾਂ ਜਾਣ ਬੇੜਾ ਪਾਰ ਹੈ।

ਗੁਰੂ ਦਾ ਜਿਸ 'ਚ ਨੂਰ ਹੈ, ਖ਼ੁਦਾ ਤੋਂ ਉਹ ਕੀ ਦੂਰ ਹੈ?
ਗੁਰੂ ਦੀ ਜਿਸ 'ਚ ਸੋਚ ਹੈ, ਗੁਰੂ ਦਾ ਹੀ ਵਿਚਾਰ ਹੈ।

ਗੁਰੂ-ਦੁਆਰੇ ਆ ਕੇ ਵੀ, ਤੂੰ ਕਿਸ ਨੂੰ ਮਿਲਣਾ ਲੋਚਦੈਂ?
ਗੁਰੂ ਹੀ ਮਿਲਣ-ਯੋਗ ਹੈ, ਗੁਰੂ ਮਿਲਾਉਣ-ਹਾਰ ਹੈ।

ਗੁਰੂ ਅਤੇ ਗੁਬਿੰਦ 'ਚੋਂ, ਜੇ ਇੱਕ ਮੰਗਣਾ ਪਵੇ,
ਗੁਰੂ ਹੀ ਮੰਗਿਓ, ਗੁਬਿੰਦ ਉਸੇ 'ਚ ਹੀ ਸ਼ੁਮਾਰ ਹੈ।

'ਗੁਰੂ-ਗੁਰੂ, ਗੁਰੂ-ਗੁਰੂ, ਗੁਰੂ-ਗੁਰੂ' ਕਹੀ ਜਾ ਤੂੰ,
ਗੁਰੂ ਹੀ ਉਹ ਜਹਾਜ਼ ਹੈ, ਕਿ ਜਿਸ ਨੇ ਲਾਉਣਾ ਪਾਰ ਹੈ।

ਗੁਰੂ ਤੇ ਵਾਹਿਗੁਰੂ ਬਿਨਾਂ, ਇਹ ਸਿਰ ਕਿਤੇ ਵੀ ਨਾ ਝੁਕੇ,
ਗ਼ਰੀਬ 'ਸੰਧੂ' ਦਾ ਤਾਂ ਬਸ, ਉਸੇ ਨੂੰ ਨਮਸਕਾਰ ਹੈ।

(29-9-2000)

## ( ਤੇਰਾਂ )

ਤੂੰ ਆਪ ਬੇਅੰਤ, ਅਥਾਹ ਕੁਦਰਤਾਂ ਤੇਰੀਆਂ।
ਤੂੰ ਸੱਚਾ ਬੇ-ਪਰਵਾਹ, ਕੁਦਰਤਾਂ ਤੇਰੀਆਂ।

ਤੂੰ ਹਰ ਹਕੀਰ ਦੇ ਸੀਨੇ ਵਿਚ ਹੈਂ ਵੱਸ ਰਿਹਾ,
ਤੂੰ ਸਿਰ ਸਾਹਾਂ ਦੇ ਸ਼ਾਹ, ਕੁਦਰਤਾਂ ਤੇਰੀਆਂ।

ਇਹ ਪਰਬਤ, ਨਦੀਆਂ, ਬਾਗ-ਬਗੀਚੇ , ਭਵਨ ਸਭ,
ਇਹ ਮਰੂਥਲ ਅਸਗਾਹ, ਕੁਦਰਤਾਂ ਤੇਰੀਆਂ।

ਤੂੰ ਇੱਕੋ ਸੀ, ਇੱਕੋ ਹੈਂ, ਇੱਕੋ ਰਹੇਂਗਾ,
ਪਰ ਨਾਮ ਅਸੰਖ, ਅਥਾਹ ਕੁਦਰਤਾਂ ਤੇਰੀਆਂ।

ਜੇ ਤੂੰ ਚਾਹੇਂ, ਤਾਂ ਕੀੜੀ ਰਾਜ ਬਹਾ ਦਵੇਂ,
ਸ਼ਾਹਾਂ ਖੁਤਵਾਏਂ ਘਾਹ, ਕੁਦਰਤਾਂ ਤੇਰੀਆਂ।

ਬਿਨ ਹੁਕਮ ਤੇਰੇ, ਪੱਤਾ ਵੀ ਹਿੱਲ ਸਕਦਾ ਨਹੀਂ,
ਇਸ ਗੱਲ ਦੀਆਂ ਹੈਨ ਗਵਾਹ, ਕੁਦਰਤਾਂ ਤੇਰੀਆਂ।

ਤੂੰ ਆਪੇ ਕਰੇਂ ਖ਼ੁਆਰ, ਸਿਆਣਪ ਖੋਹ ਕੇ,
ਤੂੰ ਆਪੇ ਪਾਵੇਂ ਰਾਹ, ਕੁਦਰਤਾਂ ਤੇਰੀਆਂ।

ਮੈਂ ਕੀ ਕਹਿ ਸਕਦਾਂ ? ਪਰ ਜੇ ਤੂੰ ਅਖਵਾ ਲਵੇਂ,
ਤਾਂ 'ਸੰਧੂ' ਆਖੂ, "ਵਾਹ! ਕੁਦਰਤਾਂ ਤੇਰੀਆਂ।"

(09-01-2000)

## ( ਚੌਦਾਂ )

ਮਲ੍ਹਮ ਦੇ ਕਿਰਪਾਨ ਲੈ ਕੇ ਕੀ ਕਰਾਂਗਾ ?
ਮੈਂ ਕਿਸੇ ਦੀ ਜਾਨ ਲੈ ਕੇ ਕੀ ਕਰਾਂਗਾ ?

ਦੂਜਿਆਂ ਦੇ ਦਾਨ 'ਤੇ ਜੋ ਪਲ਼ ਰਿਹਾ ਏ,
ਉਸ ਤੋਂ ਮੈਂ ਵਰਦਾਨ ਲੈ ਕੇ ਕੀ ਕਰਾਂਗਾ ?

ਮੈਨੂੰ ਹਸਦਾ-ਵਸਦਾ ਇਕ ਦੇ ਆਹਲਣਾ,
ਮਿਲਖ-ਬੀਆਬਾਨ ਲੈ ਕੇ ਕੀ ਕਰਾਂਗਾ ?

ਤੂੰ ਦਵਾ ਦੇਣੀ ਏ, ਮੈਂ ਪੀਣੀ ਏਂ ਦਾਰੂ,
ਮੈਂ ਤੇਰਾ ਅਹਿਸਾਨ ਲੈ ਕੇ ਕੀ ਕਰਾਂਗਾ ?

ਮੈਂ ਤਾਂ ਹੁਣ ਜੀਵਨ 'ਚ ਇਤਮੀਨਾਨ ਚਾਹੁੰਦਾਂ,
ਇਸ਼ਕ ਦਾ ਤੂਫ਼ਾਨ ਲੈ ਕੇ ਕੀ ਕਰਾਂਗਾ ?

ਘਾਲਣਾ ਮੇਰੀ ਦਾ ਜੇ ਨਹੀਂ ਮੁੱਲ ਪਿਆ ਤਾਂ,
ਮੁੱਲ ਦਾ ਸਨਮਾਨ ਲੈ ਕੇ ਕੀ ਕਰਾਂਗਾ ?

ਸ਼ਾਨ ਦੇਵੀਂ ਐ ਖ਼ੁਦਾ! 'ਗੁਣਵਾਨ' ਕਰਕੇ,
ਐਂਵੇ ਫੋਕੀ ਸ਼ਾਨ ਲੈ ਕੇ ਕੀ ਕਰਾਂਗਾ ?

ਜੇ ਗੁਣਾਂ ਦੇ ਨਾਲ ਹੀ ਹੰਕਾਰ ਆਉਣੈ,
ਫਿਰ ਗੁਣਾਂ ਦੀ ਖਾਨ ਲੈ ਕੇ ਕੀ ਕਰਾਂਗਾ ?

'ਸੰਧੂ' ਅਪਣੇ ਪੈਰਾਂ ਵਿਚ ਥਾਂ ਦੇ ਦੇ ਮੈਨੂੰ,
ਵੱਖਰੀ ਪਹਿਚਾਨ ਲੈ ਕੇ ਕੀ ਕਰਾਂਗਾ ?

(ਜੁਲਾਈ, 1998)

## ( ਪੰਦਰਾਂ )

ਤੂੰ ਜੁ ਕਹਿੰਨੈਂ, ਹਰ ਕਿਸੇ ਦੇ ਦਰ ’ਤੇ ਜਾ ਕੇ ਵੇਖਿਐ।
ਦਰਦ ਅਪਣਾ ਕੀ ਕਦੇ ਰਬ ਨੂੰ ਸੁਣਾ ਕੇ ਵੇਖਿਐ ?

ਧੂਪ ਦੇ ਕੇ ਵੇਖਿਐ, ਧੂਣੀ ਧੁਖਾ ਕੇ ਵੇਖਿਐ।
ਆਪਾਂ ਦਿਲਬਰ ਨੂੰ ਕਦੋਂ ਦਿਲ ਵਿਚ ਵਸਾ ਕੇ ਵੇਖਿਐ ?

ਰਬ ਲਈ ਨਹੁੰ-ਭਰ ਜਗ੍ਹਾ ਨਿਕਲੀ ਨਹੀਂ ਇਕ ਵਾਰ ਵੀ,
ਸੁਰਗ ਦਾ ਨਕਸ਼ਾ ਬੜੀ ਵਾਰੀ ਬਣਾ ਕੇ ਵੇਖਿਐ।

ਲੋੜਾਂ-ਥੋੜਾਂ ਵਿੱਚ ਮੌਜਾਂ ਮਾਣਦਾ ਮਿਲਿਆ ਖ਼ੁਦਾ,
ਜਦ ਵੀ ਮਜ਼ਦੂਰਾਂ ਦੀ ਬਸਤੀ ਵੱਲ ਜਾ ਕੇ ਵੇਖਿਐ।

ਉਸ ਜਗ੍ਹਾ ’ਤੇ ਹੀ ਮੁਹੱਬਤ ਦੇ ਹਰਫ਼ ਉੱਘੜ ਪਏ,
ਜਿਸ ਜਗ੍ਹਾ ਤੋਂ ਫ਼ਿਰਕਿਆਂ ਦਾ ਨਾਂ ਮਿਟਾ ਕੇ ਵੇਖਿਐ।

ਨਰਕ ਬਾਰੇ ਇਸ ਤਰ੍ਹਾਂ ਵਿਸਥਾਰ ਵਿਚ ਦੱਸਦਾ ਹੈ ਉਹ,
ਜਿਸ ਤਰ੍ਹਾਂ ਕਿ ਨਰਕ ਵਿਚ ਉਸ ਆਪ ਜਾ ਕੇ ਵੇਖਿਐ।

ਕਿੰਨੇਂ ਤਾਰੇ ਆ ਜੁੜੇ ਝੱਟ ਓਸ ਦੀ ਥਾਂ ਲੈਣ ਨੂੰ,
ਜਦ ਕਦੇ ਵੀ ਰੱਬ ਨੇ ਸੂਰਜ ਹਟਾ ਕੇ ਵੇਖਿਐ।

ਕੈਸੀ ਲੈਅ ਵਿਚ ਲਿਖਦੈ ਕਾਦਰ, ਹਰ ਗ਼ਜ਼ਲ, ਕਿਆ ਬਾਤ ਹੈ,
ਮੈਂ ਉਦ੍ਹੀ ਕੁਦਰਤ ਦੇ ਹਰ ਮਿਸਰੇ ਨੂੰ ਗਾ ਕੇ ਵੇਖਿਐ।

ਐ ਖ਼ੁਦਾ! ਤੂੰ ਆਦਮੀ ਨੂੰ ਖ਼ੁਦ ਬਰਾਬਰ ਕਰ ਲਿਆ,
ਆਦਮੀ ਨੇ ਤਾਂ ਸਦਾ ਤੈਨੂੰ ਘਟਾ ਕੇ ਵੇਖਿਐ।

ਘਾਲਣਾ ਸਾਰੀ ਹੀ ਪਿਛਲੇ ਜਨਮਾਂ ਦੀ ਜਾਂਦੀ ਰਹੀ,
ਇਸ ਜਨਮ ਵਿਚ ‘ਸੰਧੂ’ ਨੇ ਕੀ ਕੁਝ ਗੁਆ ਕੇ ਵੇਖਿਐ।

(30-08-2011)

## ( ਸੋਲਾਂ )

(ਬੈਂਤ ਦੇ ਵਜ਼ਨ ਵਿਚ ਗ਼ਜ਼ਲ)

ਰੱਜ-ਖਾਣਿਆਂ ਨੂੰ ਕੋਈ ਲਿਖਤ ਜਿੱਦਾਂ,
'ਭੁੱਖ ਕੀ ਹੈ ?' ਨਹੀਂ ਸਮਝਾ ਸਕਦੀ।
'ਦਰਦ ਕੀ ਹੈ ?' ਏਸ ਦੀ ਸਮਝ ਇਉਂ ਹੀ,
ਸੱਟ ਖਾਧਿਆ ਬਿਨਾ ਨਹੀਂ ਆ ਸਕਦੀ।

ਫੋਟੋ ਵਿਚ ਜਲੇਬੀਆਂ ਵੇਖ ਕੇ ਤਾਂ,
ਨਾ ਹੀ ਰੱਜ, ਤੇ ਨਾ ਹੀ ਸਵਾਦ ਆਉਂਦੈ,
ਵਿਸ਼ੇ-ਭੋਗਾਂ ਦੀ ਭੋਗਣੀ ਇਸ ਤਰ੍ਹਾਂ ਹੀ,
ਸੱਚਾ ਨਹੀਂ ਆਨੰਦ ਲਿਆ ਸਕਦੀ।

ਮੱਖੀ ਲੱਭਦੀ ਥਾਂ ਗਲੀਜ਼ ਹਰ ਦਮ,
ਭੌਰਾ ਬਹੇ ਨਾ ਕਦੇ ਵੀ ਗੰਦਗੀ 'ਤੇ,
ਦੁਨੀਆਂਦਾਰ ਦਾ ਸਰੇ ਨਾ ਬਿਨਾ ਮਾਇਆ,
ਮਾਇਆ ਸੰਤ ਨੂੰ ਨਹੀਂ ਭਰਮਾ ਸਕਦੀ।

ਮੌਤ ਪ੍ਰਾਣੀਆਂ ਨਾਲ ਨਾ ਜਿਵੇਂ ਰੱਜੇ,
ਰੱਜੇ ਅੱਗ ਨਾ ਲੱਕੜਾਂ ਨਾਲ ਹਰਗਿਜ਼,
ਰੱਜਣ ਕਦੇ ਨਾ ਇਵੇਂ ਹੀ ਇੱਛਿਆਵਾਂ,
ਭੋਗ ਭੋਗਿਆਂ ਤ੍ਰਿਪਤੀ ਨਹੀਂ ਆ ਸਕਦੀ।

ਬਾਲਕ ਜਿਵੇਂ ਖਿਡਾਉਂਣੇ ਬਣਾਈ ਜਾਂਦੈ,
ਤੇ ਫਿਰ ਤੋੜ ਦਿੰਦੈ ਜਦੋਂ ਜੀਅ ਚਾਹੇ,
ਇਵੇਂ ਰੱਬ ਬਣਾਈ-ਮਿਟਾਈ ਜਾਂਦੈ,
ਉਹਦੀ ਖੇਡ ਨਹੀਂ ਅਕਲ ਸਮਝਾ ਸਕਦੀ।

ਗੱਡੀ ਅਟਕਦੀ ਤੇ ਫੇਰ ਚੱਲ ਪੈਂਦੀ,
ਹਰ ਸਟੇਸ਼ਨ ਨੂੰ ਮੰਜ਼ਿਲ ਨਹੀਂ ਸਮਝਦੀ ਉਹ,
ਏਵੇਂ ਆਤਮਾ ਦੇ ਆਵਾ-ਗਵਣ ਤਾਂਈਂ,
ਮੁਕਤੀ ਬਿਨਾ ਨਹੀਂ ਮੌਤ ਅਟਕਾ ਸਕਦੀ।

ਤਪਸ਼ ਬਿਨਾ ਨਾ ਜਿਸ ਤਰ੍ਹਾਂ ਬਣੇ ਜ਼ੇਵਰ,
ਰਗੜੇ ਬਿਨਾ ਨਾ ਤੇਜ਼ ਤਲਵਾਰ ਹੋਵੇ,
ਮੁੰਡੇ-ਰੰਬੇ ਦਾ ਵੀ ਏਹੋ ਹਾਲ ਹੁੰਦੈ,
ਚੰਡੇ ਬਿਨਾ ਨਹੀਂ ਵਿਦਿਆ ਆ ਸਕਦੀ।

ਨੱਥਾਂ ਸ਼ੇਰਾਂ ਨੂੰ ਕਦੇ ਨਾ ਪੈਣ ਜਿੱਦਾਂ,
ਕੂੰਜਾਂ ਜਿਵੇਂ ਨਾ ਕੈਦ ਵਿਚ ਰਹਿਣ 'ਸੰਧੂ',
ਏਦਾਂ ਕਦੀ ਵੀ ਕਵੀ ਦੀ ਕਲਪਣਾ ਨੂੰ,
ਮਇਆ ਪਿੰਜਰੇ ਵਿਚ ਨਹੀਂ ਪਾ ਸਕਦੀ।

(01-01-2002)

## ( ਸਤਾਰਾਂ )

ਸਦਾ ਇਹ ਟਹਿਕ ਨਹੀਂ ਰਹਿਣੀ, ਤੇਰਾ ਹੁਲੀਆ ਬਦਲ ਜਾਣਾ।
ਇਹ ਜੋਬਨ ਹੈ, ਇਹ ਛਲੀਆ ਹੈ, ਇਨ੍ਹੇ ਹਰ ਹਾਲ ਛਲ ਜਾਣਾ।

ਇਹ ਦੁਨੀਆਂ ਚਾਹੁੰਦੀ ਹੈ ਹਰ ਪਲ਼, ਮਚਲ ਜਾਣਾ, ਫਿਸਲ ਜਾਣਾ।
ਤੇ ਇਹ ਦਰਵੇਸ਼ ਕਹਿੰਦਾ ਹੈ, 'ਸੰਭਲ ਜਾਣਾ! ਸੰਭਲ ਜਾਣਾ!!'

ਜਵਾਨੀ ਰਸ-ਭਰੀ ਰਹਿੰਦੀ ਹੈ ਕਿੰਨੀ ਦੇਰ ਦਿਲਦਾਰੋ!
ਚੜ੍ਹੇ ਸੂਰਜ ਨੇ ਹੁੰਦਾ ਹੈ, ਦੁਪਹਿਰੋਂ ਬਾਅਦ ਢਲ ਜਾਣਾ।

ਜਹਾਂ ਦੀ ਪਕੜ ਦਾ ਓਦੋਂ ਤਮਾਸ਼ਾ ਲੋਕ ਵੇਖਣਗੇ,
ਜਦੋਂ ਮੈਂ ਗਿੱਲੇ ਸਾਬਣ ਵਾਂਗ, ਹੱਥਾਂ 'ਚੋਂ ਨਿਕਲ ਜਾਣਾ।

ਅਸਾਂ ਦੇ ਖ਼ੂਨ ਓਦੋਂ ਜਾਮ ਕਰ 'ਤੀ ਗੋਰੇ ਦੀ ਗੱਡੀ,
ਜਦੋਂ ਸਭ ਕਹਿੰਦੇ ਸੀ, 'ਪਾਸੇ ਹਟੋ! ਇਸ ਨੇ ਕੁਚਲ ਜਾਣਾ'।

ਮੇਰੇ ਮੌਲ਼ਾ! ਤੇਰੇ ਬੰਦੇ ਅਚੰਭਤ ਹੋ ਕੇ ਵੇਖਣਗੇ,
ਤੇਰੀ ਪੱਥਰ ਦੀ ਦੁਨੀਆਂ 'ਚੋਂ, ਮੇਰਾ ਬਣ ਕੇ ਗ਼ਜ਼ਲ ਜਾਣਾ।

ਕਿਸੇ ਭਟਕੇ ਲਈ ਦੀਵਾ ਵੀ ਬਣਨਾ ਆਉਂਦੈ 'ਸੰਧੂ' ਨੂੰ,
ਕਿਸੇ ਠਰਦੇ ਲਈ ਆਉਂਦਾ ਹੈ, ਭਾਂਬੜ ਬਣ ਕੇ ਬਲ ਜਾਣਾ।

(30-08-201)

## ( ਅਠਾਰਾਂ )

ਭਲੇ ਕੰਮ ਦਾ ਸਿਲਾ ਦਿੰਦੈ, ਬੁਰੇ ਕੰਮ ਦੀ ਸਜ਼ਾ ਦਿੰਦੈ।
ਤਪੋਂ ਉਹ ਰਾਜ ਦਿੰਦੈ, ਰਾਜ ਤੋਂ ਨਰਕਾਂ 'ਚ ਪਾ ਦਿੰਦੈ।

ਉਹ ਖੇਡਾਂ ਖੇਡਦੈ ਤਾਂ, ਬੰਦੇ ਨੂੰ 'ਬਾਜ਼ੀ' ਬਣਾ ਦਿੰਦੈ।
ਕਦੇ ਸਿਰ 'ਤੇ ਬਿਠਾ ਦਿੰਦੈ, ਕਦੇ ਪੈਰੀਂ ਵਿਛਾ ਦਿੰਦੈ।

ਵਫ਼ਾ ਮੇਰਾ ਸੁਭਾਅ ਹੈ, ਨਿਭ ਗਈ ਸੋ ਨਿਭ ਗਈ ਮਿਤਰੋ!
ਮੈਂ ਕਿਉਂ ਸੋਚਾਂ ਕਿ ਉਹ ਮੇਰੀ ਵਫ਼ਾ ਦਾ ਕੀ ਸਿਲਾ ਦਿੰਦੈ।

ਰਹੇ ਜੇ ਹੋਸ਼ ਤਾਂ ਬਿਹਤਰ, ਨਹੀਂ ਤਾਂ ਬੇਖ਼ੁਦੀ ਚੰਗੀ,
ਖ਼ੁਦੀ ਵਿਚ ਆ ਕੇ ਤਾਂ ਬੰਦਾ, ਖ਼ੁਦਾ ਨੂੰ ਵੀ ਭੁਲਾ ਦਿੰਦੈ।

ਉਦ੍ਹੀ ਹਰ ਕਿਰਤ ਡਾਢੀ ਖ਼ੂਬਸੂਰਤ ਹੁੰਦੀ ਹੈ, ਫਿਰ ਵੀ
ਪਤਾ ਨਹੀਂ ਕਿਉਂ ਉਹ ਕੁਝ ਚਿਰ ਬਾਅਦ ਹਰ ਮੂਰਤ ਮਿਟਾ ਦਿੰਦੈ।

ਬਿਨਾਂ ਕਿਰਪਾ ਦੇ, ਉਸ ਦੀ ਦਾਤ ਜਾਗਣ 'ਤੇ ਵੀ ਨਹੀਂ ਮਿਲਦੀ,
ਜਦੋਂ ਉਹ ਦੇਣ 'ਤੇ ਆਵੇ, ਤਾਂ ਸੁੱਤਿਆਂ ਨੂੰ ਜਗਾ ਦਿੰਦੈ।

ਤੂੰ ਛੱਡ ਹਰਨਾਕਸ਼ੀ ਦਾਅਵੇ, ਤੇ ਉਸ ਦੀ ਸ਼ਰਨ ਵਿਚ ਆ ਜਾਹ,
ਤੇਰੀ ਹਸਤੀ ਹੀ ਕੀ ਹੈ, ਉਹ ਤਾਂ ਦੁਨੀਆਂ ਨੂੰ ਮਿਟਾ ਦਿੰਦੈ।

ਕਰੇ ਕਿਰਪਾ, ਧਰੇ ਛੱਤੀ ਪਦਾਰਥ ਮੰਗਤਿਆਂ ਅੱਗੇ,
ਕਰੋਪੀ ਹੋਵੇ ਤਾਂ ਉਹ ਰਾਜਿਆਂ ਨੂੰ ਘਾਹ ਖੁਵਾ ਦਿੰਦੈ।

ਤੂੰ ਬਣ ਬੰਦਾ, ਖ਼ੁਦਾ ਦੀ ਬੰਦਗੀ ਵਿਚ ਬੈਠ ਐ 'ਸੰਧੂ',
ਜੋ ਬੰਦਾ ਨਾ ਬਣੇ, ਉਸ ਨੂੰ ਵੀ ਉਹ 'ਬੰਦਾ ਬਣਾ ਦਿੰਦੈ'।

(26-03-2012)

## ( ਉੱਨੀ )

ਬਣ ਕੇ ਰਾਵਣ ਫਿਰਦਾ ਜੋ ਹੰਕਾਰਿਆ ਸੀ, ਮੈਂ ਨਹੀਂ ਸੀ।
ਬਣ ਕਬੀਰਾ ਹਉਮੈਂ ਨੂੰ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੇਰੀ ਗ਼ੈਰਤ ਸਾਹਮਣੇ ਨਹੀਂ ਇਸ਼ਕ ਬਣ ਸਕਦਾ ਅੜਿੱਕਾ,
ਛੋਕਰੀ ਖ਼ਾਤਿਰ ਜਿਨ੍ਹੇਂ ਵੱਗ ਚਾਰਿਆ ਸੀ, ਮੈਂ ਨਹੀਂ ਸੀ।

ਜ਼ੁਲਮ ਦੇ ਸੀਨੇ 'ਚ ਜਿਸ ਦਾਗੀ ਸੀ ਗੋਲੀ, ਮੈਂ ਹੀ ਸਾਂ ਉਹ,
ਸੱਚ ਦੇ ਸੀਨੇ 'ਚ ਜਿਸ ਫੁੱਲ ਮਾਰਿਆ ਸੀ, ਮੈਂ ਨਹੀਂ ਸੀ।

ਜੇ ਮੈਂ ਕਲਗੀਧਰ ਦੇ ਹੱਥੋਂ ਮਰਦਾ, ਫਿਰ ਜੂਨੇ ਨਾ ਪੈਂਦਾ,
ਜਿਸ ਨੂੰ ਉਸ ਦੀ ਤੇਗ਼ ਨੇ ਸੰਘਾਰਿਆ ਸੀ, ਮੈਂ ਨਹੀਂ ਸੀ।

ਮੈਂ ਤਾਂ ਉਸ ਦੇ ਨਾਮ 'ਤੇ ਪਿਆ ਪਾਲਦਾਂ ਪਰਿਵਾਰ ਅਪਣਾ,
ਕੌਮ ਤੋਂ ਪਰਿਵਾਰ ਜਿਸ ਨੇ ਵਾਰਿਆ ਸੀ, ਮੈਂ ਨਹੀਂ ਸੀ।

ਇਹ ਤਾਂ ਹੋ ਸਕਦੈ, ਮੈਂ ਅਪਣਾ ਹਕ ਅਦਾ ਕੀਤਾ ਨਾ ਹੋਵੇ,
ਪਰ ਜਿਨ੍ਹੇ ਹਕਦਾਰ ਦਾ ਹਕ ਮਾਰਿਆ ਸੀ, ਮੈਂ ਨਹੀਂ ਸੀ।

ਸਿੱਖੀ ਪਹਿਰਾਵੇ 'ਚ ਸੱਜਣ-ਠੱਗ ਹਾਂ, ਸੱਜਣ ਨਹੀਂ ਮੈਂ,
ਸੀਸ ਦੇ, ਸਿੱਖੀ ਦਾ ਜਿਸ ਮੁੱਲ ਤਾਰਿਆ ਸੀ, ਮੈਂ ਨਹੀਂ ਸੀ।

ਜਿਨ ਨੇ ਮਰਦਾਨੇ ਨੂੰ ਪਾਣੀ ਨਹੀਂ ਸੀ ਦਿੱਤਾ, ਉਹ ਤਾਂ ਮੈਂ ਸਾਂ,
ਜਿਸ ਨੇ ਪਰ ਨਾਨਕ ਨੂੰ ਪੱਥਰ ਮਾਰਿਆ ਸੀ, ਮੈਂ ਨਹੀਂ ਸੀ।

ਸ਼ਾਮ ਸਿੰਘ ਜਦ ਜੂਝਦਾ ਸੀ, ਕਾਸ਼ ਓਦੋਂ ਮੈਂ ਵੀ ਹੁੰਦਾ,
ਸਾਜਿਸ਼ਾਂ ਤੋਂ ਖ਼ਾਲਸਾ ਜਦ ਹਾਰਿਆ ਸੀ, ਮੈਂ ਨਹੀਂ ਸੀ।

ਜਾਣਦਾਂ ਮੈਂ, ਜਿਸ ਨੇ ਸਿੱਖ ਸਾੜੇ ਸੀ ਦਿੱਲੀ, ਤੂੰ ਨਹੀਂ ਸੈਂ,
ਹਿੰਦੂਆਂ ਨੂੰ ਬੱਸਾਂ 'ਚੋਂ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੇਰੀ ਹਸਤੀ ਨੂੰ ਪਛਾਣੋ ਦੋਸਤੋ, ਇਉਂ ਤਾਂ ਨਾ ਆਖੋ,
ਕਿ ਸਿਕੰਦਰ ਨੂੰ ਜਿਨ੍ਹੇ ਲਲਕਾਰਿਆ ਸੀ, ਮੈਂ ਨਹੀਂ ਸੀ।

ਅਣਖ ਵੰਗਾਰੀ ਸੀ ਜਿਸ ਨੇ, ਉਸ ਨੇ ਏਦਾਂ ਹੀ ਸੀ ਮਰਨਾ,
ਕਾਸ਼! ਮੈਂ ਹੁੰਦਾ, ਮਗਰ ਜਿਸ ਮਾਰਿਆ ਸੀ, ਮੈਂ ਨਹੀਂ ਸੀ।

ਮੈਂ ਕਦੀ ਹਿਟਲਰ ਨੂੰ ਮਾਰਨ ਦੀ ਤਾਂ ਸੋਚੀ ਹੋਊ 'ਸੰਧੂ',
ਸਹੁੰ ਗੁਰੂ ਦੀ, ਜਿਸ ਨੇ ਗਾਂਧੀ ਮਾਰਿਆ ਸੀ, ਮੈਂ ਨਹੀਂ ਸੀ।

(19-11-2010)

## ( ਵੀਹ )

ਰਸਤਾ ਤਾਂ ਲੰਮਾਂ ਹੈ ਮਗਰ, ਮੰਜ਼ਿਲ ਨਜ਼ਰ ’ਚ ਹੈ।
ਸੰਤੁਸ਼ਟ ਹੈ ਮੇਰੀ ਨਜ਼ਰ, ਮੰਜ਼ਿਲ ਨਜ਼ਰ ’ਚ ਹੈ।

ਮਨ ਮੇਰਿਆ! ਆਲਸ ਨਾ ਕਰ, ਆ ਜਾਹ ਰਵਾਂ-ਰਵੀਂ,
ਔਹ ਦਿੱਸਦੈ ਸੱਜਣ ਦਾ ਦਰ, ਮੰਜ਼ਿਲ ਨਜ਼ਰ ’ਚ ਹੈ।

ਲੰਮੀਂ ਡਰਾਉਣੀ ਰਾਤ ਸੀ, ਪਰ ਹੁਣ ਤਾਂ ਮੇਰੇ ਯਾਰ.
ਬਸ ਹੋਈ ਕਿ ਹੋਈ ਸਹਰ, ਮੰਜ਼ਿਲ ਨਜ਼ਰ ’ਚ ਹੈ।

ਬੇੜੀ ਹੈ ਸਾਗਰ ਵਿਚ ਅਜੇ, ਖ਼ਬਰੇ ਕੀ ਵਾਪਰੇ,
ਹੰਕਾਰ ਨਾ ਕਰ ਤੂੰ, ਅਗਰ ਮੰਜ਼ਿਲ ਨਜ਼ਰ ’ਚ ਹੈ।

ਬਾਝੋਂ ਗੁਰੂ ਦੇ ’ਨੇਰ੍ਹ ਸੀ, ਦਿਸਦਾ ਨਹੀਂ ਸੀ ਕੁਝ,
ਪਰ ਹੁਣ ਤੂੰ ਦਿਲ ਛੋਟਾ ਨਾ ਕਰ, ਮੰਜ਼ਿਲ ਨਜ਼ਰ ’ਚ ਹੈ।

ਗੁਰ ਗਿਆਨ ਹੈ, ਗੁਰ ਦੁਆਰ ਹੈ ਪਰਵਰਦਿਗਾਰ ਦਾ,
ਸਤਿਗੁਰ ਨੇ ਦਿੱਤੈ ਖੋਲ੍ਹ ਦਰ, ਮੰਜ਼ਿਲ ਨਜ਼ਰ ’ਚ ਹੈ।

ਔਹ ਦਿਸ ਪਈ ‘ਆਨੰਦਪੁਰ’, ‘ਬੇਗ਼ਮਪੁਰੇ’ ਦੀ ਜੂਹ,
ਲੰਘ ਆਏ ਹਾਂ ਗ਼ਮ ਦਾ ਨਗਰ, ਮੰਜ਼ਿਲ ਨਜ਼ਰ ’ਚ ਹੈ।

ਬੇਫ਼ਿਕਰ ਹੋ ਕੇ ਕਾਫ਼ਿਲਾ ਆ ਜਾਏ ਮੇਰੇ ਮਗਰ,
ਮੈਂ ਪਹੁੰਚਿਆ ਤਾਂ ਨਹੀਂ ਮਗਰ, ਮੰਜ਼ਿਲ ਨਜ਼ਰ ’ਚ ਹੈ।

ਕੁਝ ਦੇਰ ਤਕ ‘ਸੰਧੂ’ ਨੇ ਵੀ ‘ਨਿੱਜ-ਘਰ’ ’ਚ ਪਹੁੰਚਣੈਂ,
ਬਸ, ਖ਼ਤਮ ਹੋ ਜਾਣੈਂ ਸਫ਼ਰ, ਮੰਜ਼ਿਲ ਨਜ਼ਰ ’ਚ ਹੈ।

(28-07-2011)

## ( ਇੱਕੀ )

ਖ਼ੁਦ ਓਮ ਇੱਕ ਅੱਖਰ, ਗੀਤਾ ਕੁਰਾਨ ਅੱਖਰ।
ਸਭ ਦਾ ਅਧਾਰ ਅੱਖਰ, ਸਭ ਤੋਂ ਮਹਾਨ ਅੱਖਰ।

ਅੱਖਰਾਂ ਨੇ ਸ੍ਰਿਸ਼ਟੀ ਸਾਜੀ, ਅੱਖਰ ਨੇ ਲਿਖਦੇ ਲੇਖਾ,
ਲੇਖਾਂ ਦੇ ਅੱਖਰਾਂ ਨੂੰ, ਕਰਦੇ ਨੇ ਬਿਆਨ ਅੱਖਰ।

ਮੁੱਲਾਂ ਤੇ ਭਾਈ ਪੰਡਿਤ, ਅਨਪੜ੍ਹ ਸੁਭਾਅ ਦੇ ਕਿਉਂ ਨੇ,
ਉਹਨਾਂ ਨੂੰ ਕਿੰਨਾਂ ਸੀਮਤ, ਦਿੰਦੇ ਨੇ ਗਿਆਨ ਅੱਖਰ।

ਕਵਿਤਾ 'ਚ ਇੱਕ ਅੱਖਰ, ਜੇ ਘੱਟ-ਵੱਧ ਹੋਵੇ,
ਸ਼ਾਇਰ ਨੂੰ ਪੁੱਛ ਕਿੱਦਾਂ, ਲੈਂਦਾ ਏ ਜਾਨ ਅੱਖਰ।

ਤੂੰ ਵੱਡਾ ਬੁੱਧੀ-ਜੀਵੀ, ਮੈਂ ਹਾਂ ਕਵੀ ਨਿਮਾਣਾ,
ਤੇਰਾ ਗੁਮਾਨ ਅੱਖਰ, ਮੇਰਾ ਈਮਾਨ ਅੱਖਰ।

ਜੇਕਰ ਜ਼ੁਬਾਨ ਵੀ ਨਾ, ਸੋਚਾਂ ਦਾ ਸਾਥ ਦੇਵੇ,
ਤਾਂ ਬੇ-ਜ਼ੁਬਾਨਿਆਂ ਦੀ, ਬਣਦੈ ਜ਼ੁਬਾਨ ਅੱਖਰ।

ਅੱਖਰ ਹਰੇਕ ਰੱਖਦੈ, ਅਪਣੀ ਵਿਸ਼ੇਸ਼ਤਾ ਵੀ,
ਡੈਮੋਕ੍ਰੇਸੀ ਵਿਚ ਨੇ, ਭਾਵੇਂ ਸਮਾਨ ਅੱਖਰ।

ਹੈ ਰਾਜ-ਹਿਤ ਕਿ ਪਰਜਾ, ਅੱਖਰਾਂ ਤੋਂ ਹੋਵੇ ਕੋਰੀ,
ਜ਼ਿਹਨਾਂ 'ਚ ਜਾ ਕੇ ਅਕਸਰ, ਬਣਦੈ ਤੂਫ਼ਾਨ ਅੱਖਰ।

ਅੱਖਰਾਂ ਤੋਂ ਸ਼ਬਦ ਬਣਦੈ, ਸ਼ਬਦਾਂ ਤੋਂ ਖ਼ਿਆਲ 'ਸੰਧੂ',
ਖ਼ਿਆਲਾਂ ਦੇ ਯੁੱਧ ਦੀ ਫਿਰ, ਕਰਦੈ ਕਮਾਨ ਅੱਖਰ।

(29-05-2012)

## ( ਬਾਈ )

ਇਰਾਦੇ ਜੋ ਅਸਾਂ ਦਿਲ ਵਿਚ ਨੇ ਧਾਰੇ, ਰਹਿਣ ਦੇ ਭਾਵੇਂ।
ਦਿਲੀ-ਸੰਤੋਖ ਦੇ ਰੱਬਾ, ਭੰਡਾਰੇ ਰਹਿਣ ਦੇ ਭਾਵੇਂ।

ਤੂੰ ਆ ਕਿਰਪਾ ਦੇ ਘਰ ਮੌਲ਼ਾ,ਕਿ ਹਰ ਬੇਘਰ ਦੀ ਕਿਸਮਤ ਵਿਚ,
ਕੋਈ ਝੁੱਗੀ ਤਾਂ ਲਿਖ ਹੀ ਦੇ, ਚੁਬਾਰੇ ਰਹਿਣ ਦੇ ਭਾਵੇਂ।

ਜੋ ਬੇਰੁਜ਼ਗਾਰ ਨੇ, ਉਹਨਾਂ ਤੋਂ ਨਾ ਮਿੱਟੀ ਦਾ ਮੋਹ ਖੁਹਵੀਂ,
ਗ਼ਰੀਬੀ ਨਾਲ ਹੀ ਘੁਲਦੇ ਵਿਚਾਰੇ ਰਹਿਣ ਦੇ ਭਾਵੇਂ।

ਅਸੀਂ ਮੁੜ੍ਹਕਾ ਵਹਾ ਸਕੀਏ, ਤੂੰ ਸਾਨੂੰ ਕਰਮ-ਖੇਤਰ ਦੇ,
ਬਹਿਸ਼ਤਾਂ ਵਾਲੇ ਮਨ-ਮੋਹਕ ਨਜ਼ਾਰੇ ਰਹਿਣ ਦੇ ਭਾਵੇਂ।

ਗ਼ਰੀਬੀ ਵਿਚ ਵੀ ਖ਼ੁਸ਼ ਹੋਣਾ ਤੇ ਖੁੱਲ੍ਹ ਕੇ ਹੱਸਣਾ ਦੇ ਦੇ,
ਖ਼ੁਦਾਇਆ! ਮਾਇਆ ਦੇ ਸੜੀਅਲ ਪਸਾਰੇ ਰਹਿਣ ਦੇ ਭਾਵੇਂ।

ਤੂੰ ਆ, ਸਾਗਰ ਦੀ ਹਿੱਕ ਵਿਚ ਲੱਥੀਏ ਤੇ ਲੱਭੀਏ ਮੋਤੀ,
ਜੋ ਘੋਗੇ ਭਾਲਦੈ, ਉਸ ਨੂੰ ਕਿਨਾਰੇ ਰਹਿਣ ਦੇ ਭਾਵੇਂ।

ਸੁਹਾਗਣ ਹੋਣ ਪਿੱਛੋਂ ਨਾਰ ਨਾ ਹੋਵੇ ਸਿਰੋਂ ਨੰਗੀ,
ਖ਼ੁਦਾ! ਬੱਚੀਆਂ ਦੇ ਤੂੰ ਝਾਟੇ ਖਿਲਾਰੇ ਰਹਿਣ ਦੇ ਭਾਵੇਂ।

ਮੇਰੇ ਮੌਲ਼ਾ! ਮੇਰੀ ਇਹ ਆਤਮਾ ਯੁੱਗਾਂ ਤੋਂ ਬਿਰਹਣ ਹੈ,
ਤੂੰ ਉਸ ਨੂੰ ਵਸਲ ਦੇ, ਅਰਸ਼ਾਂ ਦੇ ਤਾਰੇ ਰਹਿਣ ਦੇ ਭਾਵੇਂ।

(28-05-2012)

## ( ਤੇਈ )

ਅਸੀਂ ਕਿੰਨੇਂ ਜਨਮ ਸੁੱਤੇ, ਅਸੀਂ ਕਿੰਨੇਂ ਜਨਮ ਜਾਗੇ।
ਮਗਰ ਕਰਤਾਰ ਦੇ ਦਰ ਜਾਣ ਖ਼ਾਤਿਰ ਨਾ ਕਦਮ ਜਾਗੇ।

ਕਿਤੇ ਮੈਨੂੰ ਵੀ ਚੈਨ ਆਵੇ, ਕੋਈ ਤਾਂ ਬਿਧ ਬਣਾ ਰੱਬਾ,
ਜੇ ਮੇਰੇ ਕਰਮ ਸੁੱਤੇ ਨੇ, ਤਾਂ ਤੇਰਾ ਹੀ ਕਰਮ ਜਾਗੇ।

ਇਹੋ ਜਿਹੇ ਕਿੰਨੇਂ ਮਾਨਵ ਨੇ, ਤੂੰ ਹੀ ਦੱਸੀਂ ਜ਼ਰਾ ਮਾਨਵ,
ਜਿਨ੍ਹਾਂ ਦੀ ਅੱਖ ਜਾਗੇ, ਆਤਮਾ ਜਾਗੇ, ਕਲਮ ਜਾਗੇ।

ਕੋਈ ਤਾਂ ਕਾਲ਼ੀਆਂ ਰਾਤਾਂ ’ਚ ਵੰਡੇ ਰੌਸ਼ਨੀ ਸੱਚ ਦੀ,
ਰਵੀ ਜੇ ਸੌਂ ਗਿਐ ਰਾਤੀਂ, ਕਵੀ ਤਾਂ ਕਮ-ਜ਼-ਕਮ ਜਾਗੇ।

ਜਦੋਂ ਮੈਂ ਸੌਂ ਗਿਆ ਤਾਂ ਨਾਲ ਮੇਰੇ ਸੌਂ ਗਈ ਚਿੰਤਾ,
ਜਦੋਂ ਮੈਂ ਜਾਗਿਆ ਤਾਂ ਨਾਲ ਹੀ ਕਿੰਨੇਂ ਈ ਗ਼ਮ ਜਾਗੇ।

ਜਦੋਂ ਰੱਬ ਨੇ ਨਜ਼ਰ ਵੰਡੀ ਤਾਂ ਉਸ ਵੇਲੇ ਵੀ ਦਿਲਦਾਰੋ,
ਇਹੋ ਈ ਹੁਕਮ ਸੀ ਉਸ ਦਾ, ਕਿ ਹਰ ਅਹਿਲੇ-ਚਸ਼ਮ ਜਾਗੇ।

ਤੇਰੀ ਕੋਸ਼ਿਸ਼ ਰਹੀ ਹਰ-ਦਮ, ਕਿ ਉੱਠੇ ਨੀਂਦ ’ਚੋਂ ਦੁਨੀਆਂ,
ਮਗਰ ਸਾਰੀ ਉਮਰ ‘ਸੰਧੂ’ ‘ਨਾ ਤੁਮ ਸੋਏ, ਨਾ ਹਮ ਜਾਗੇ’।

ਕਲਮ ਤਾਂ ਨਿਮਰ ਹੋ ਕੇ ਦੁਨੀਆਂ ਵਿਚ ਚਾਨਣ ਫੈਲਾਉਂਦੀ ਹੈ,
ਕਲਮ ਹੀ ਸੁੱਟ ਦਈਂ ‘ਸੰਧੂ’, ਜੇ ਇਸ ’ਚੋਂ ਵੀ ਅਹਮ ਜਾਗੇ।

(05-08-2013)




*ਗ਼ਜ਼ਲ-ਸਿਖਿਆਰਥੀਆਂ ਵਾਸਤੇ ਇੱਕ ਨਾਯਾਬ ਤੁਅਫ਼ਾ*

## ਆਓ ਗ਼ਜ਼ਲ ਲਿਖੀਏ

ਗ਼ਜ਼ਲ-ਉਸਤਾਦ ਸ. ਅਮਰਜੀਤ ਸਿੰਘ ਸੰਧੂ ਦੁਆਰਾ ਲਿਖੀ ਗਈ ਇੱਕ ਐਸੀ ਪੁਸਤਕ, ਇੱਕ ਐਸਾ ਗਾਈਡ, ਇੱਕ ਐਸਾ ਉਸਤਾਦ ਜਿਹੜਾ ਕਾਵਿ ਦੇ ਬਿਲਕੁਲ ਹੇਠਲੇ ਪੱਧਰ ਤੋਂ ਗ਼ਜ਼ਲ-ਸਿਖਿਆਰਥੀ ਦੀ ਬਾਂਹ ਫੜ੍ਹਦਾ ਹੈ ਤੇ ਹੌਲੀ-ਹੌਲੀ ਗਿਆਨ ਦਿੰਦਾ ਹੋਇਆ, ਅਭਿਆਸ ਕਰਵਾਉਂਦਾ ਹੋਇਆ, ਉਸਤਾਦੀ ਤੱਕ ਲੈ ਜਾਂਦਾ ਹੈ।

ਇਹ ਗ੍ਰੰਥ ਨਾ ਕੇਵਲ ਗ਼ਜ਼ਲ-ਸਿਖਿਆਰਥੀਆਂ ਵਾਸਤੇ ਹੀ ਅਨਮੋਲ ਗਾਈਡ ਸਾਬਤ ਹੋਇਆ ਹੈ ਸਗੋਂ ਵਿਦਵਾਨ ਲੇਖਕਾਂ-ਪਾਠਕਾਂ ਦੀਆਂ ਨਿੱਜੀ ਅਤੇ ਸੰਸਥਾਈ ਲਾਇਬ੍ਰੇਰੀਆਂ ਦੀ ਵੀ ਸ਼ਾਨ ਬਣਿਆ ਹੈ।

ਸਫ਼ੇ= 275 ਕੀਮਤ= 350 ਰੁਪਏ

**ਮੰਗਵਾਉਣ ਵਾਸਤੇ ਸੰਪਰਕ ਕਰੋ-**

ਅਮਰਜੀਤ ਸਿੰਘ ਸੰਧੂ
ਸੰਚਾਲਕ-'ਸੰਧੂ ਗ਼ਜ਼ਲ ਸਕੂਲ', 42-ਦਕੋਹਾ (ਜਲੰਧਰ)-144023
ਮੋਬਾ. 94636-13528 ਈ. ਮੇਲ. sandhupoet@gmail.com